Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 157 Tuesday, August 18, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਫੇਸਬੁੱਕ ਇੰਡੀਆ ਦੀ ਪਬਲਿਕ ਪਾਲਿਸੀ ਡਾਇਰੈਕਟਰ ਨੂੰ ਜਾਨੋਂ ਮਾਰਨ ਦੀ ਧਮਕੀ

*** ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ**

ਨਵੀਂ ਦਿੱਲੀ, 17 ਅਗਸਤ, (ਪੋਸਟ ਬਿਊਰੋ)- ਸੋਸ਼ਲ ਪਲੇਟਫਾਰਮ ਫੇਸਬੁੱਕ ਦੀ ਭਾਰਤ ਵਿੱਚ ਪਬਲਿਕ ਪਾਲਿਸੀ ਵਾਲੇ ਮਾਮਲਿਆਂ ਦੀ ਡਾਇਰੈਕਟਰ ਅੰਖੀ ਦਾਸ ਨੂੰ ਜਾਨ ਤੋਂ ਮਾਰ ਦੇਣ ਦੀ ਧਮਕੀ ਦਿੱਤੀ ਗਈ ਹੈ। ਅੰਖੀ ਦਾਸ ਨੇ ਦਿੱਲੀ ਪੁਲਸਨੂੰ ਇਸ ਧਮਕੀ ਦੀ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਪੁਲਸ ਕਾਰਵਾਈ ਕਰ ਰਹੀ ਹੈ।

ਇਸ ਸੰਬੰਧ ਵਿੱਚ ਸੀਨੀਅਰ ਅਧਿਕਾਰੀਆਂ ਨੇ ਅੱਜ ਸੋਮਵਾਰ ਦੱਸਿਆ ਕਿ ਅੰਖੀ ਦਾਸ ਨੂੰ ਜਾਨੋਂ ਮਾਰ ਦੇਣਦੀ ਧਮਕੀ ਦਿੱਤੀ ਗਈ ਹੈ, ਜਿਸ ਬਾਰੇ ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਹੈ। ਇੱਕ ਸੀਨੀਅਰ ਅਫਸਰਦੇ ਮੁਤਾਬਕ ਫੇਸਬੁੱਕ ਇੰਡੀਆ ਦੀ ਪਬਲਿਕ ਪਾਲਿਸੀ ਡਾਇਰੈਕਟਰ ਅੰਖੀ ਦਾਸ ਦੀ ਸ਼ਿਕਾਇਤ ਉੱਤੇਦਿੱਲੀ ਦੀ ਸਾਈਬਰ ਯੂਨਿਟ ਜਾਂਚ ਕਰ ਰਹੀ ਹੈ। ਅੰਖੀ ਦਾਸ ਨੇ ਐਤਵਾਰ ਨੂੰ ਸ਼ਿਕਾਇਤ ਦਰਜ ਕਰਵਾਈ ਅਤੇ ਇਹ ਦੋਸ਼ ਲਾਇਆ ਸੀ ਕਿ ਕੁਝ ਲੋਕ ਆਨਲਾਈਨ ਪੋਸਟ ਕਰ ਕੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਰਹੇ ਹਨ ਅਤੇ ਉਨ੍ਹਾਂ ਦੇ ਖਿਲਾਫ ਅਸ਼ਲੀਲ ਕੁਮੈਂਟ ਵੀ ਕਰ ਰਹੇ ਹਨ। ਇਸ ਸ਼ਿਕਾਇਤ ਅਨੁਸਾਰ ਇਹ



ਧਮਕੀਆਂ 14 ਅਗਸਤ ਨੂੰ ਵਾਲ ਸਟਰੀਟ ਜਰਨਲ ਵਿੱਚ ਛਪੇ ਇੱਕ ਲੇਖ ਦੇ ਸੰਬੰਧ ਵਿੱਚ ਹਨ। ਅੰਖੀ ਦਾਸ ਨੇ ਸ਼ਿਕਾਇਤ ਵਿੱਚਲਿਖਿਆ ਕਿ ਉਹਲੇਖ ਛਪਣ ਦੇ ਬਾਅਦ ਤੋਂਉਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਲਿਖਿਆ ਹੈ ਕਿ ਆਨਲਾਈਨ ਕੰਟੈਂਟ ਕਾਰਨ ਖੁਦ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਹਿੰਸਾ ਦਾ ਡਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੰਟੈਂਟ ਵਿੱਚ ਇੱਕ ਅਖਬਾਰੀ ਲੇਖ ਦੇ ਆਧਾਰ ਉੱਤੇ ਉਨ੍ਹਾਂ ਦਾ ਅਕਸਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਅੰਖੀ ਦਾਸ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਦੋਸ਼ੀਆਂ ਵੱਲੋਂ ਰਾਜਨੀਤਕ ਸਾਂਝ ਕਾਰਨ ਜਾਣਬੁੱਝ ਕੇ ਅਪਮਾਨਿਤ ਕੀਤਾ ਜਾ ਰਿਹਾ ਸੀ ਤੇ ਉਨ੍ਹਾਂ ਨੂੰ ਆਨਲਾਈਨ ਤੇ ਆਫਲਾਈਨ ਧਮਕੀ ਵੀ ਦਿੱਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਅਮਰੀਕੀ ਅਖ਼ਬਾਰ ਵਾਲ ਸਟਰੀਟ ਜਰਨਲ ਵਿੱਚ ਫੇਸਬੁੱਕ ਵਿਰੁੱਧ ਇੱਕ ਲੇਖ ਛਪਣਤੋਂ ਬਾਅਦ ਤੋਂ ਕਾਂ-ਗਰਸ ਅਤੇ ਭਾਜਪਾ ਵਿਚਾਲੇ ਵੀ ਖਿੱਚੋਤਾਣ ਬਣੀ ਹੋਈ ਹੈ।

## ਆਪਣੇ ਹੀ ਘਰ ਦੇ ਗੈਰਾਜ ਵਿੱਚ ਮਾਰੀ ਗਈ ਮਹਿਲਾ ਹਿੰਦੂ ਸਭਾ ਮੰਦਰ ਦੇ ਪੁਜਾਰੀ ਦੀ ਸੀ ਪਤਨੀ




ਬਰੈਂਪਟਨ, 17 ਅਗਸਤ (ਪੋਸਟ ਬਿਊਰੋ) : ਬਰੈਂਪਟਨ ਦੇ ਘਰ ਦੇ ਗੈਰਾਜ ਵਿੱਚ ਜਿਸ ਮਹਿਲਾ ਨੂੰ ਗੋਲੀ ਮਾਰ ਕੇ ਮਾਰਿਆ ਗਿਆ ਸੀ, ਉਹ ਮਸ਼ਹੂਰ ਮੰਦਰ ਦੇ ਮੁੱਖ ਪੁਜਾਰੀ ਦੀ ਪਤਨੀ ਸੀ। ਇਸ ਦੀ ਪੁਸ਼ਟੀ ਮੰਦਰ ਦੇ ਇੱਕ ਮੈਂਬਰ ਵੱਲੋਂ ਕੀਤੀ ਗਈ।

ਬਰੈਂਪਟਨ ਦੇ ਹਿੰਦੂ ਸਭਾ ਮੰਦਰ ਦੇ ਪ੍ਰਸ਼ਾਸਕੀ ਸਟਾਫਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮਾਰੀ ਗਈ ਮਹਿਲਾ 56 ਸਾਲਾਂ ਦੀ ਸੰਗੀਤਾ ਸ਼ਰਮਾ ਸੀ, ਜੋ ਕਿ ਹਿੰਦੂ ਸਭਾ ਮੰਦਰ ਦੇ ਮੁੱਖ ਪੁਜਾਰੀ ਅਭੇ ਸ਼ਾਸਤਰੀ ਦੀ ਪਤਨੀ ਸੀ। ਟੌਰਬ੍ਰਾਮ ਫਾਰਮੈਸੀ ਦੇ ਇੱਕ ਕਰਮਚਾਰੀ ਨੇ ਵੀ ਇਸ ਦੀ ਪੁਸ਼ਟੀ ਕੀਤੀ ਕਿ ਵੀਰਵਾਰ ਨੂੰ ਆਪਣੇ ਹੀ ਘਰ ਦੇ ਗੈਰਾਜ ਵਿੱਚ ਮਾਰੀ ਗਈ ਮਹਿਲਾ ਇਸ ਅਦਾਰੇ ਦੀ ਪਿਛਲੀ ਓਨਰ ਸੀ। ਪੀਲ ਰੀਜਨਲ ਪੁਲਿਸ ਵੱਲੋਂ ਸ਼ਰਮਾ ਦੀ ਮੌਤ ਨੂੰ ਕਤਲ ਦੱਸ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਵੀਰਵਾਰ ਨੂੰ ਸ਼ਾਮੀ 7:00 ਵਜੇ ਟਰੀਲਾਈਨ ਬੋਲੀਵੀਆਰਡ ਤੇ ਲਿਨਸਟੌਕ ਡਰਾਈਵ ਉੱਤੇ ਸਥਿਤ ਇੱਕ ਘਰ ਵਿੱਚ ਉਨ੍ਹਾਂ ਨੂੰ ਸੱਦਿਆ ਗਿਆ। 56 ਸਾਲਾ ਮਹਿਲਾ ਦੇ ਗੋਲੀ ਲੱਗੀ ਸੀ ਤੇ ਉਸ ਦੀ ਹਾਲਤ ਕਾਫੀ ਨਾਜ਼ੁਕ ਸੀ। ਉਸ ਨੂੰ ਹਸਪਤਾਲ ਲਿਜ-ਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਸਰਵੇਲੈਂਸ ਫੁਟੇਜ ਦੀ ਮਦਦ ਨਾਲ ਉਹ ਦੋ ਮਸ਼ਕੂਕਾਂ ਦੀ ਪਛਾਣ ਕਰਨ ਵਿੱਚ ਸਫਲ ਹੋਏ ਹਨ। ਉਹ ਕਾਲੇ ਰੰਗ ਦੀ ਸੇਡਾਨ ਦੀ ਭਾਲ ਵੀ ਕਰ ਰਹੇ ਹਨ।

## ਅਮਰੀਕਾ 'ਚ ਕੀਤਾ ਜਾਵੇਗਾ ਡਾਇਰੈਕਟ ਸਲਾਇਵਾ ਕੋਵਿਡ-19 ਟੈਸਟ !

ਨੌਰਥ ਕੈਰੋਲਾਈਨਾ, 17 ਅਗਸਤ (ਪੋਸਟ ਬਿਊਰੋ) : ਕੋਵਿਡ-19 ਸਬੰਧੀ ਟੈਸਟਾਂ ਵਿੱਚ ਕਮੀ ਤੇ ਦੇਰੀ ਦੇ ਚੱਲਦਿਆਂ ਕਈ ਮਹੀਨਿਆਂ ਤੋਂ ਪਰੇਸ਼ਾਨ ਅਮੈਰੀਕਨਜ਼ ਨੂੰ ਹੁਣ ਸਲਾਇਵਾ ਦੇ ਟੈਸਟ ਨਾਲ ਰਾਹਤ ਮਿਲ ਸਕਦੀ ਹੈ। ਇਹ ਮਾਧਿਅਮ ਸਸਤਾ ਵੀ ਹੈ ਤੇ ਤੇਜ਼ ਵੀ ਹੈ।

ਯੇਲ ਸਕੂਲ ਆਫ ਪਬਲਿਕ ਹੈਲਥ ਵੱਲੋਂ ਇਹ ਸਲਾਇਵਾ ਡਾਇਰੈਕਟ ਟੈਸਟ ਇਜਾਦ ਕੀਤਾ ਗਿਆ ਹੈ। ਇਸ ਟੈਸਟ ਨੂੰ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਵੀ ਐਮਰਜੰਸੀ ਵਰਤੋਂ ਵਾਸਤੇ ਪ੍ਰਵਾਨਗੀ ਦੇ ਦਿੱਤੀ ਗਈ ਹੈ। ਕੋਵਿਡ-19 ਸਬੰਧੀ ਟੈਸਟਿੰਗ ਦੇ ਇੰਚਾਰਜ ਅਮਰੀਕੀ ਅਧਿਕਾਰੀ ਐਡਮਨਿਸਟ੍ਰੇਟਰ ਬ੍ਰੈਟ ਗਿਰੋਇਰ ਨੇ ਆਖਿਆ ਕਿ ਸਾਰਸ-ਕੋਵੀ-2 (ਨੋਵਲ ਕਰੋ-ਨਾਵਾਇਰਸ) ਲਈ ਤੇਜ ਤੇ ਸਸਤਾ ਸਲਾਇਵਾ ਡਾਇਰੈਕਟ ਟੈਸਟ ਜਲਦ ਟੈਸਟ ਕਰਵਾਉਣ ਲਈ ਸਰੋਤਾਂ ਦੀ ਘਾਟ ਨੂੰ



**ਸਸਤਾ ਤੇ ਜਲਦ ਨਤੀਜੇ ਦੇਣ ਵਾਲਾ ਹੋਵੇਗਾ ਟੈਸਟ**

ਖਤਮ ਕਰੇਗਾ। ਹੋਰਨਾਂ ਟੈਸਟਾਂ, ਜਿਨ੍ਹਾਂ ਲਈ ਸਪੈਸ਼ਲ ਸਪਲਾਈਜ਼ ਦੀ ਲੋੜ ਹੁੰਦੀ ਹੈ, ਤੋਂ ਉਲਟ ਇਹ ਸਲਾਇਵਾ ਡਾਇਰੈਕਟ ਟੈਸਟ ਲਈ ਖਾਸ ਸਵੈਬ ਜਾਂ ਕੋਲੈਕਸ਼ਨ ਡਿਵਾਈਸ ਨਹੀ ਚਾਹੀਦੀ। ਐਪਿਡੇਮੌਲੋਜੀ ਸਬੰਧੀ ਯੇਲ ਦੇ ਅਸਿਸਟੈਂਟ ਪ੍ਰੋਫੈਸਰ ਨਥਾਨ ਗਰੂਬਾਹ ਨੇ ਆਖਿਆ ਕਿ ਅਸੀ ਇਸ ਟੈਸਟ ਨੂੰ ਇਸ ਲਈ ਵੀ ਸਸਤਾ ਰੱਖਿਆ ਹੈ ਤਾਂ ਕਿ ਕੁੱਝ ਡਾਲਰਜ਼ ਦੇ ਨਾਲ ਹੀ ਸਹੀ ਰਿਪੋਰਟ ਆ ਸਕੇ ਤੇ ਸਾਨੂੰ ਆਸ ਹੈ ਕਿ ਲੈਬਜ਼ ਇਸ ਲਈ ਪ੍ਰਤੀ ਸੈਂਪਲ 10 ਡਾਲਰ ਹੀ ਲੈਣਗੀਆਂ।

ਉਨ੍ਹਾਂ ਆਖਿਆ ਕਿ ਜੇ ਇਸ ਸੈਂਪਲਿੰਗ ਤਕਨੀਕ ਵਰਗੇ ਸਸਤੇ ਬਦਲ ਵਰਤੇ ਜਾਣਗੇ ਤਾਂ ਅਸੀ ਵੈਕਸੀਨ ਤੋਂ ਪਹਿਲਾਂ ਹੀ ਮਹਾਂਮਾਰੀ ਨੂੰ ਠੱਲ੍ਹ ਪਾ ਸਕਾਂਗੇ। ਖੋਜਾਰਥੀਆਂ ਦਾ ਕਹਿਣਾ ਹੈ ਕਿ ਇਹ ਨਵੇਂ ਟੈਸਟ ਤਿੰਨ ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਨਤੀਜੇ ਦੇ ਸਕਦੇ ਹਨ। ਇਨ੍ਹਾਂ ਦੇ ਨਤੀਜੇ ਨੱਕ ਤੋਂ ਲਏ ਗਏ ਸਵੈਬ ਵਾਲੀ ਤਕਨੀਕ ਜਿੰਨੇ ਹੀ ਸਹੀ ਹੋਣਗੇ। ਉਨ੍ਹਾਂ ਆਖਿਆ ਕਿ ਆਉਣ ਵਾਲੇ ਕੁੱਝ ਹਫਤਿਆਂ ਵਿੱਚ ਸਲਾਇਵਾ ਡਾਇਰੈਕਟ ਟੈਸਟਸ ਨੂੰ ਜਨਤਕ ਤੌਰ ਉੱਤੇ ਉਪਲਬਧ ਕਰਵਾ ਦਿੱਤਾ ਜਾਵੇਗਾ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885




Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਹਾਈਵੇਅ 403 ਉੱਤੇ ਹਾਦਸਾ, ਮੋਟਰਸਾਈਕਲਿਸਟ ਦੀ ਮੌਤ




ਓਨਟਾਰੀਓ, 17 ਅਗਸਤ (ਪੋਸਟ ਬਿਊਰੋ) : ਹਾਈਵੇਅ 403 ਉੱਤੇ ਹੋਏ ਖਤਰਨਾਕ ਹਾਦਸੇ ਵਿੱਚ ਇੱਕ ਮੋਟਰਸਾਈਕਲਿਸਟ ਦੀ ਮੌਤ ਹੋ ਗਈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਨੇ ਦੱਸਿਆ ਕਿ ਐਤਵਾਰ ਨੂੰ ਰਾਤੀਂ 2:00 ਵਜੇ ਹੁਰੌਨਤਾਰੀਓ ਸਟਰੀਟ ਨੇੜੇ ਹਾਈਵੇਅ 403 ਦੀਆਂ ਪੂਰਬ ਵੱਲ ਜਾਂਦੀਆਂ ਲੇਨਜ਼ ਉੱਤੇ ਮੋਟਰਸਾਈਕਲ ਨੂੰ ਹਾਦਸਾ ਪੇਸ਼ ਆਇਆ। ਪੀਲ ਪੈਰਾਮੈਡਿਕਸ ਨੇ ਦੱਸਿਆ ਕਿ ਬਾਈਕ ਸਵਾਰ ਬਾਲਗ ਵਿਅਕਤੀ ਸੀ। ਓਪੀਪੀ ਵੱਲੋਂ ਮੋਟਰਸਾਈਕਲਿਸਟ ਦੀ ਪਛਾਣ 30 ਸਾਲਾਂ ਦੇ ਜੋਸਫ ਕਟਾਨੀ ਵਜੋਂ ਕੀਤੀ ਗਈ ਹੈ।

ਇਸ ਹਾਦਸੇ ਵਿੱਚ ਹੋਰ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਓਪੀਪੀ ਦੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਹਾਦਸੇ ਤੋਂ ਪਹਿਲਾਂ ਤੇਜ਼ ਰਫਤਾਰ ਨਾਲ ਬਾਈਕ ਚਲਾਏ ਜਾਣ ਦੀਆਂ ਖਬਰਾਂ ਵੀ ਮਿਲੀਆਂ ਹਨ।

# ਪੰਜਾਬ ਵਿੱਚ ਕੋਰੋਨਾ ਵਾਇਰਸ ਨਾਲ ਸੋਮਵਾਰ ਦੇ ਦਿਨ 55 ਮੌਤਾਂ, 1438 ਨਵੇਂ ਕੇਸ ਮਿਲੇ

## * ਤਿੰਨ ਸ਼ਹਿਰਾਂ ਵਿੱਚ ਸ਼ਨੀਵਾਰ ਵੀ ਦੁਕਾਨਾਂਬੰਦ ਰਹਿਣਗੀਆਂ

ਚੰਡੀਗੜ੍ਹ, 17 ਅਗਸਤ, (ਪੋਸਟ ਬਿਊਰੋ)- ਇਸ ਸੋਮਵਾਰ ਨੂੰ ਕੋਰੋਨਾ ਵਾਇਰਸ ਦੇ ਕਾਰਨ ਪੰਜਾਬ ਵਿੱਚ 55 ਲੋਕਾਂ ਦੀ ਇੱਕੋ ਦਿਨਮੌਤ ਹੋ ਗਈ ਤੇ 1438 ਨਵੇਂਕੇਸਮਿਲੇ ਹਨ। ਜ਼ਿਲਾ ਲੁਧਿਆਣਾ ਵਿੱਚ 16, ਮੋਗਾ ਦੇ 8, ਪਟਿਆਲਾ ਦੇ 6, ਜਲੰਧਰ, ਫਤਿਹਗੜ੍ਹ ਸਾਹਿਬ, ਤਰਨਤਾਰਨ ਅਤੇ ਬਠਿੰਡਾ ਜ਼ਿਲਿਆਂ ਵਿੱਚ 3-3, ਅੰਮ੍ਰਿਤਸਰ ਅਤੇ ਸੰਗਰੂਰ ਜ਼ਿਲਿਆਂ ਵਿੱਚ 2-2 ਅਤੇ ਜ਼ਿਲਾ ਹੁਸ਼ਿਆਰਪੁਰ, ਗੁਰਦਾਸਪੁਰ, ਪਠਾਨਕੋਟ, ਨਵਾਂ ਸ਼ਹਿਰ, ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਕਪੂਰਥਲਾ ਅਤੇ ਬਰਨਾਲਾ ਦੇ 1-1 ਮਰੀਜ਼ ਦੀ ਮੌਤ ਹੋਈ ਹੈ। ਇਸ ਦੌਰਾਨ ਪੰਜਾਬ ਵਿੱਚ ਕੋਰੋਨਾ ਵਾਇਰਸ ਨਾਲ ਮਰਨ ਵਾਲੇ ਲੋਕਾਂ ਦੀ ਕੁੱਲ ਗਿਣਤੀ ਵਧ ਕੇ 862 ਹੋ ਗਈ ਹੈ। ਲੁਧਿਆਣਾ ਵਿੱਚ ਸਭ ਤੋਂ ਵੱਧ ਕੋਰੋਨਾ ਐਕਟਿਵ ਕੇਸ ਹਨ, ਉਸ ਤੋਂ ਬਾਅਦ ਜਲੰਧਰ ਅਤੇ ਫਿਰ ਪਟਿਆਲਾ ਜ਼ਿਲੇ ਵਿੱਚ ਦੱਸੇ ਗਏ ਹਨ। ਪਹਿਲਾਂ ਅੰਮ੍ਰਿਤਸਰ ਵਿੱਚ ਏਦਾਂ ਦੇ ਕੇਸ ਬਾਕੀਆਂ ਤੋਂ ਵਧ ਰਹੇ ਸਨ, ਪਰ ਇਸ ਵਕਤ ਵੱਧ ਪ੍ਰਭਾਵਤ ਜ਼ਿਲਿਆਂ ਵਿੱਚ ਇਹ ਨਹੀਂ ਹੈ।

ਪੰਜਾਬ ਸਰਕਾਰ ਨੇ ਕੋਰੋਨਾ ਦੀ ਮਾਰ ਵਧਦੀ ਵੇਖ ਕੇ ਲਾਕਡਾਊਨ ਬਾਰੇਨਵੀਂਆਂ ਹਦਾਇਤਾਂ ਜਾਰੀ ਕੀਤੀਆਂ ਹਨ, ਜਿਹੜੀਆਂ 18 ਅਗਸਤ ਤੋਂ ਲਾਗੂ ਹਨ। ਨਵੇਂ ਆਦੇਸ਼ਾਂ ਮੁਤਾਬਕ ਪੰਜਾਬ ਦੇ ਸ਼ਹਿਰੀ ਖੇਤਰਾਂ ਵਿਚ ਕਰਫਿਊ ਰਾਤ 9 ਵਜੇ ਤੋਂ ਸਵੇਰੇ 5 ਵਜੇ ਤਕ ਰਹੇਗਾ ਅਤੇ ਸ਼ਾਪਿੰਗ ਮਾਲ ਅਤੇ ਦੁਕਾਨਾਂ ਰਾਤ 8 ਵਜੇ ਤਕ ਖੁੱਲ੍ਹਣਗੀਆਂ, ਪਰ ਐਤਵਾਰ ਨੂੰ ਸਾਰੇ ਸ਼ਾਪਿੰਗ ਮਾਲ ਬੰਦ ਰਹਿਣਗੇ। ਸਰਕਾਰ ਨੇ ਇਨ੍ਹਾਂ ਨਵੀਂਆਂ ਹਦਾਇਤਾਂ ਵਿਚ ਤਿੰਨ ਵੱਡੇ ਸ਼ਹਿਰਾਂ ਜਲੰਧਰ, ਲੁਧਿਆਣਾ ਤੇ ਪਟਿਆਲਾ ਦੇ ਲੋਕਾਂ ਨੂੰ ਸ਼ਨੀਵਾਰ ਅਤੇ ਐਤਵਾਰ ਸਫ਼ਰ ਨਾ ਕਰਨ ਦੀ ਅਪੀਲ ਕੀਤੀ ਤੇ ਇਨ੍ਹਾਂ ਸ਼ਹਿਰਾਂ ਵਿਚ ਲਾਕਡਾਊਨ ਕਰਨ ਦਾ ਸੰਕੇਤ ਵੀ ਦਿੱਤਾ ਹੈ। ਇਨ੍ਹਾਂ ਤਿੰਨ ਸ਼ਹਿਰਾਂਵਿਚ ਸ਼ਾਪਿੰਗ ਮਾਲ ਤੇ ਜ਼ਰੂਰੀ ਚੀਜ਼ਾਂ ਦੀਆਂ ਦੁਕਾਨਾਂ ਛੱਡ ਕੇ ਬਾਕੀ ਸਭ ਦੁਕਾਨਾਂ ਸ਼ਨੀਵਾਰ ਵੀ ਬੰਦ ਰਹਿਣਗੀਆਂ।



ਬਠਿੰਡਾ ਪੁਲਸ ਦੇ ਐੱਸ ਐੱਸ ਪੀ ਭੁਪਿੰਦਰ ਸਿੰਘ ਵਿਰਕ ਦੀ ਰਿਪੋਰਟ ਕੋਰੋਨਾ ਬਾਰੇ ਪਾਜ਼ੇਟਿਵ ਆਈ ਹੈ। ਉਹ ਆਜ਼ਾਦੀ ਦਿਵਸ ਦੇ ਸਮਾਗਮ ਵਿੱਚਸ਼ਾਮਲ ਸਨ ਅਤੇ ਇਸ ਸਮਾਗਮ ਦੌਰਾਨ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਡਿਪਟੀ ਕਮਿਸ਼ਨਰ ਬੀ. ਸ੍ਰੀਨਿਵਾਸਨ ਸਮੇਤ ਕਈ ਲੋਕਾਂ ਦੇ ਸੰਪਰਕ ਵਿੱਚ ਆਏ ਸਨ। ਇਸ ਕਾਰਨ ਐੱਸ ਐੱਸ ਪੀਦੀ ਪਾਜ਼ੇਟਿਵ ਰਿਪੋਰਟ ਤੋਂ ਬਾਅਦਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਆਪ ਨੂੰ ਇਕਾਂਤਵਾਸ ਕਰ ਲਿਆ ਹੈ। ਉਨ੍ਹਾਂ ਨੇ ਫੇਸਬੁੱਕ ਪੇਜ ਉੱਤੇ ਲਿਖਿਆ ਹੈ ਕਿ ਮੈਂ ਐੱਸ ਐੱਸ ਪੀ ਭੁਪਿੰਦਰ ਸਿੰਘ ਵਿਰਕ ਨੂੰ 15 ਅਗਸਤ ਨੂੰ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗ-ਮਵੇਲੇ ਮਿਲਿਆ ਸੀ। ਡਾਕਟਰੀ ਸਲਾਹ ਅਤੇ ਆਪਣੇ ਪਰਿਵਾਰ ਅਤੇ ਪਾਰਟੀ ਵਰਕਰਾਂ ਦੇ ਭਲੇ ਲਈ ਮੈਂ ਇਕਾਂਤਵਾਸ ਵਿੱਚ ਜਾ ਰਿਹਾ ਹਾਂ ਤੇ ਇਸ ਦੌਰਾਨ ਮੇਰੇ ਵੱਲੋਂ ਕੋਈ ਵੀ ਪਬਲਿਕ ਮੀਟਿੰਗ ਨਹੀਂਹੋਵੇਗੀ।ਡਿਪਟੀ ਕਮਿਸ਼ਨਰ ਬੀ. ਸ੍ਰੀਨਿਵਾਸਨ ਨੇ ਵੀ ਖੁਦ ਨੂੰ ਇਕਾਂਤਵਾਸਕਰ ਲਿਆ ਅਤੇ ਸਲਾਹ ਦਿੱਤੀ ਹੈ ਕਿ ਐੱਸ ਐੱਸ ਪੀ ਬਠਿੰਡਾ ਦੇ ਸੰਪਰਕ ਵਿੱਚਆਏ ਲੋਕ ਆਪਣੇ ਕੋਰੋਨਾ ਟੈਸਟ ਜ਼ਰੂਰ ਕਰਵਾਉਣ।

ਉਧਰ ਲੁਧਿਆਣਾ ਜ਼ਿਲੇ ਦੇ ਹਲਕਾ ਦਾਖਾ ਤੋਂਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਅਯਾਲੀ ਦੀ ਕੋਰੋਨਾ ਰਿਪੋਰਟ ਵੀ ਪਾਜ਼ੇਟਿਵ ਆਈ ਹੈ, ਜਿਸ ਬਾਰੇ ਉਨ੍ਹਾਂ ਨੇ ਖ਼ੁਦ ਫੇਸਬੁੱਕ ਉੱਤੇਦੱਸਿਆ ਹੈ। ਕੁਝ ਦਿਨ ਲੁਧਿਆਣਾ ਦੇ ਹਲਕਾ ਪੂਰਬੀ ਦੇ ਵਿਧਾਇਕ ਸੰਜੈ ਤਲਵਾੜ ਵੀ ਪਾਜ਼ੇਟਿਵ ਪਤਾ ਲੱਗੇ ਸਨ ਤੇ ਹਲਕਾ ਆਤਮ ਨਗਰ ਤੋਂ ਕਾਂਗਰਸ ਪਾਰਟੀ ਦੇ ਇੰਚਰਾਜ ਕਮਲਜੀਤ ਕੜਵਲ, ਸਮਰਾਲਾ ਤੋਂਕਾਂਗਰਸ ਵਿਧਾਇਕ ਅਮਰੀਕ ਸਿੰਘ ਢਿੱਲੋਂ ਵੀ ਇਸ ਦੀ ਮਾਰ ਹੇਠ ਆਏ ਸਨ।

ਸਰਕਾਰੀ ਤੌਰ ਉੱਤੇ ਦੱਸਿਆ ਗਿਆ ਹੈ ਕਿ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ 31 ਹਜ਼ਾਰ ਤੋਂਟੱਪ ਚੁੱਕੀ ਹੈ। ਸੋਮਵਾਰ ਤੱਕ ਦੇ ਅੰਕੜਿਆਂ ਮੁਤਾਬਕ ਲੁਧਿਆਣਾ ਵਿੱਚ 7094, ਜਲੰਧਰ 4258, ਪਟਿਆਲਾ3797, ਅੰਮ੍ਰਿਤਸਰ 2823, ਮੋਹਾਲੀ1886, ਸੰਗਰੂਰ 1545, ਬਠਿੰਡਾ 1286, ਗੁਰਦਾ-ਸਪੁਰ 1197, ਫਿਰੋਜ਼ਪੁਰ 1058, ਮੋਗਾ 845, ਹੁਸ਼ਿਆਰਪੁਰ ਵਿੱਚ 844, ਪਠਾਨਕੋਟ 770, ਬਰਨਾਲਾ 694, ਫਤਿਹਗੜ੍ਹ ਸਾਹਿਬ 651, ਕਪੂਰਥਲਾ 621, ਫਰੀਦਕੋਟ 600, ਤਰਨ ਤਾਰਨ 571, ਰੂਪਨਗਰ 513,ਮਾਨਸਾ275, ਫਾਜ਼ਿਲਕਾ 477, ਨਵਾਂਸ਼ਹਿਰ473, ਮੁਕਤਸਰ ਸਾਹਿਬ ਵਿੱਚ 387 ਕੇਸ ਪਾਜ਼ਿਟਿਵ ਹਨ।

# ਬੇਅਦਬੀ ਕੇਸ: ਪੰਜਾਬ ਐੱਸ ਆਈ ਟੀ ਵੱਲੋਂ ਜਾਂਚ ਨੂੰ ਸੀ ਬੀ ਆਈ ਨੇ ਅਦਾਲਤ ਵਿੱਚ ਨਾਜਾਇਜ਼ ਆਖਿਆ

ਚੰਡੀਗੜ੍ਹ, 17 ਅਗਸਤ, (ਪੋਸਟ ਬਿਊਰੋ)- ਅਕਾਲੀ-ਭਾਜਪਾ ਰਾਜ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣ ਦੇ ਕੇਸਾਂ ਵਿੱਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ)ਵੱਲੋਂਬੀਤੀ ਚਾਰ ਜੁਲਾਈ ਨੂੰ ਸੁਖਜਿੰਦਰ ਸਿੰਘ ਉਰਫ ਸੰਨੀ ਤੇ ਸ਼ਕਤੀ ਸਿੰਘ ਦੀ ਗ੍ਰਿਫ਼ਤਾਰੀ ਨੂੰ ਸੀ ਬੀ ਆਈ ਨੇ ਨਾਜਾਇਜ਼ ਆਖਿਆ ਅਤੇ ਪੰਜਾਬ ਪੁਲਿਸ ਦੀ ਐੱਸ ਆਈ ਟੀਵੱਲੋਂ ਇਸ ਕੇਸ ਵਿੱਚ ਕੀਤੀ ਜਾ ਰਹੀ ਜਾਂਚ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਐੱਸ ਆਈ ਟੀਵੱਲੋਂ ਇਸ ਕੇਸ ਦੇਦੋਸ਼ੀ ਬਣਾਏ ਸੁਖਜਿੰਦਰ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨਦਾਇਰ ਕੀਤੀ ਹੈ, ਜਿਸ ਦਾ ਜਵਾਬ ਦਾਇਰ ਕਰਦੇ ਹੋਏ ਸੀ ਬੀ ਆਈ ਨੇ ਕਿਹਾ ਕਿ ਜੂਨ, ਸਤੰਬਰ ਤੇ ਅਕਤੂਬਰ 2015 ਵਿੱਚ ਦਰਜ ਹੋਏ ਕੇਸਾਂ ਬਾਰੇਐੱਸ ਆਈ ਟੀ ਦੀ ਜਾਂਚ ਬੰਦ ਕਰਾਈ ਜਾਵੇ, ਕਿਉਂਕਿ ਸੀ ਬੀ ਆਈ ਇਨ੍ਹਾਂ ਸਾਰੇ ਕੇਸਾਂ ਦੀ ਜਾਂਚ ਪਹਿਲਾਂ ਕਰ ਰਹੀ ਹੈ। ਸੀ ਬੀ ਆਈ ਦੇ ਐਡੀਸ਼ਨਲ ਸੁਪਰੀਟੈਂਡੈਂਟ ਅਨਿਲ ਕੁਮਾਰ ਯਾਦਵ ਨੇ ਹਾਈ ਕੋਰਟ ਵਿੱਚ ਦਿੱਤੇ ਜਵਾਬ ਵਿੱਚਐੱਸ ਆਈ ਟੀਵੱਲੋਂ ਫ਼ਰੀਦਕੋਟ ਅਦਾਲਤ ਵਿੱਚ ਸੀਆਰਪੀਸੀ ਦੀ ਧਾਰਾ 173 ਹੇਠ ਦਾਇਰ ਕੀਤੀ ਆਖਰੀ ਜਾਂਚ ਰਿਪੋਰਟ ਰੱਦ ਕਰਨ ਦੀ ਮੰਗ ਕੀਤੀ ਅਤੇਐੱਸ ਆਈ ਟੀਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਸੀਆਰਪੀ ਸੀ ਦੇ ਪ੍ਰਬੰਧਾਂ ਦੇ ਖਿਲਾਫ ਦੱਸ ਕੇ ਕਿਹਾ ਕਿ ਉਨ੍ਹਾਂ ਨੇ ਐੱਸ ਆਈ ਟੀ ਦੀ ਇਸ ਨਾਜਾਇਜ਼ ਜਾਂਚ ਦੇ ਖ਼ਿਲਾਫ਼ ਮੋਹਾਲੀ ਵਿੱਚਸੀ ਬੀ ਆਈ ਅਦਾਲਤ ਵਿੱਚ ਅਰਜ਼ੀ ਦਿੱਤੀ ਹੋਈ ਹੈ।

ਅਸਲ ਵਿੱਚ ਐੱਸ ਆਈ ਟੀਵੱਲੋਂ ਗ੍ਰਿਫ਼ਤਾਰ ਕੀਤੇ ਗਏ ਸੁਖਜਿੰਦਰ ਸਿੰਘ ਨੇ ਹਾਈ ਕੋਰਟ ਵਿੱਚ ਫ਼ਰੀਦਕੋਟ ਦੇ ਬਾਜਾਖਾਨਾ ਥਾਣੇ ਵਿੱਚ 2 ਜੂਨ 2015 ਨੂੰ ਦਰਜ ਹੋਏ ਕੇਸਬਾਰੇ ਪੰਜਾਬ ਪੁਲਿਸ ਦੀ ਐੱਸ ਆਈ ਟੀ ਵੱਲੋਂ ਦਾਇਰ ਕੀਤੇ ਗਏ ਚਲਾਨ ਨੂੰ ਚੁਣੌਤੀ ਦਿੱਤੀ ਹੈ। ਉਸ ਨੇ ਮੋਹਾਲੀ ਅਦਾਲਤ ਵਿੱਚ ਪੇਸ਼ ਕੀਤੇ ਚਲਾਨ ਨੂੰ ਮਨਜ਼ੂਰ ਕੀਤੇ ਜਾਣ ਦੇ ਹੁਕਮ ਨੂੰ ਵੀ ਰੱਦ ਕਰਨ ਦੀ ਮੰਗ ਕੀਤੀ ਹੈ। ਸੁਖਜਿੰਦਰ ਨੇ ਕਿਹਾ ਹੈ ਕਿ ਸਾਲ 2015 ਵਿੱਚਸੀ ਬੀ ਆਈ ਨੇ ਇੱਕ ਕਲੋਜ਼ਰ ਰਿਪੋਰਟ ਦਾਇਰ ਕਰ ਦਿੱਤੀ ਸੀ, ਉਸ ਦੇ ਬਾਅਦ ਐੱਸ ਆਈ ਟੀ ਨੇ ਜ਼ਬਰਦਸਤੀ ਲਏ ਗਏ ਬਿਆਨਾਂ ਦੇ ਆਧਾਰ ਉੱਤੇ ਅਦਾਲਤ ਵਿੱਚ ਚਲਾਣ ਪੇਸ਼ ਕਰ ਦਿੱਤਾ ਹੈ, ਜੋ ਕਾਨੂੰਨੀ ਤੌਰ ਉੱਤੇ ਜਾਇਜ਼ ਨਹੀਂ। ਉਸ ਨੇ ਮੋਹਾਲੀ ਅਦਾਲਤ ਵੱਲੋਂ ਉਸ ਨੂੰ ਅਤੇ ਹੋਰ ਦੋਸ਼ੀਆਂ ਨੂੰ ਭੇਜੇ ਨੋਟਿਸ ਰੱਦ ਕਰਨ ਦੀ ਮੰਗ ਕੀਤੀ ਸੀ, ਜਿਸ ਦੇ ਬਾਅਦ ਸੀ ਬੀ ਆਈ ਨੇ ਹਾਈ ਕੋਰਟ ਵਿੱਚ ਜਵਾਬ ਦਾਇਰ ਕੀਤਾ ਹੈ। ਇਸ ਉੱਤੇ ਹਾਈ ਕੋਰਟ ਵੱਲੋਂ ਵਿਚਾਰ ਕੀਤਾ ਜਾਵੇਗਾ।

# ਕੋਰੋਨਾ ਵਾਇਰਸ ਦੇ ਨਵੇਂ ਕੇਸਾਂ ਕਾਰਨ ਨਿਊਜ਼ੀਲੈਂਡ ਵਿੱਚ ਆਮ ਚੋਣਾਂ ਮੁਲਤਵੀ



ਵੇਲਿੰਗਟਨ, 17 ਅਗਸਤ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਵਧਣ ਕਾਰਨ ਨਿਊਜ਼ੀਲੈਂਡ ਵਿਚ ਹੋਣ ਵਾਲੀ ਆਮ ਚੋਣ ਨੂੰ ਚਾਰ ਹਫ਼ਤੇ ਲਈ ਅੱਗੇ ਪਾ ਦਿੱਤਾ ਗਿਆ ਹੈ। ਇਸ ਦਾ ਐਲਾਨ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਨੇ ਕੀਤਾ। ਇਹ 19 ਸਤੰਬਰ ਨੂੰ ਹੋਣੀ ਸੀ, ਪਰ ਨਵੇਂ ਐਲਾਨ ਮੁਤਾਬਕ 17 ਅਕਤੂਬਰ ਤੋਂ ਪਿੱਛੋਂ ਹੀ ਕਰਾਏ ਜਾਣ ਦੀ ਆਸ ਹੈ, ਕਿਉਂਕਿ ਕੋਰੋਨਾ ਦੇ ਕੇਸ ਲਗਾਤਾਰ ਵਧ ਰਹੇ ਜਾਪਦੇ ਹਨ।

ਵਰਨਣ ਯੋਗ ਹੈ ਕਿ 102 ਦਿਨਾਂ ਪਿੱਛੋਂ ਬੀਤੇ ਹਫ਼ਤੇ ਨਿਊਜ਼ੀਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਆਕਲੈਂਡ ਵਿਚ ਇਕ ਵਾਰ ਫਿਰ ਇਨਫੈਕਸ਼ਨ ਦਾ ਪਤਾ ਲੱਗਾ ਸੀ, ਜਿਸ ਪਿੱਛੋਂ ਓਥੇ ਲਾਕਡਾਊਨ ਕੀਤਾ ਗਿਆ ਸੀ। ਆਕਲੈਂਡ ਵਿਚ ਐਕਟਿਵ ਕੇਸਾਂ ਦੀ ਗਿਣਤੀ 58 ਦੱਸੀ ਗਈ ਹੈ ਅਤੇ ਅਧਿਕਾਰੀਆਂ ਦਾ ਖਿਆਲ ਹੈ ਕਿ ਇਨਫੈਕਸ਼ਨ ਵਿਦੇਸ਼ ਤੋਂ ਆਇਆ ਹੈ, ਪਰ ਉਹ ਪਤਾ ਨਹੀਂ ਲਾ ਸਕੇ ਕਿ ਇਹ ਦੇਸ਼ ਵਿਚ ਕਿਸ ਤਰ੍ਹਾਂ ਆਇਆ ਹੈ।

ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਕੋਲ ਦੋ ਮਹੀਨੇ ਤਕ ਚੋਣ ਟਾਲਣ ਦਾ ਬਦਲ ਸੀ,ਪਰ ਉਨ੍ਹਾਂ ਨੇ ਇਸ ਦਾ ਯੋਗ ਫ਼ੈਸਲਾ ਲੈਣ ਤੋਂ ਪਹਿਲਾਂਪਾਰਲੀਮੈਂਟ ਵਿਚ ਪ੍ਰਤੀਨਿਧਤਾ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਸੱਦਿਆ ਸੀ, ਜਿਸ ਵਿੱਚ ਉਨ੍ਹਾ ਨੇ ਸਾਫ਼ ਕੀਤਾ ਕਿ ਹਾਲਾਤ ਭਾਵੇਂ ਕੁਝ ਹੋਣ, ਭਵਿੱਖ ਵਿਚ ਚੋਣਾਂ ਨੂੰ ਨਹੀਂ ਟਾਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੋਰੋਨਾ ਨੇ ਦੁਨੀਆ ਭਰ ਵਿਚ ਕਹਿਰ ਪਾਇਆ ਹੈ ਅਤੇ ਇਸ ਦੇ ਬਾਵਜੂਦ ਦੱਖਣੀ ਕੋਰੀਆ ਅਤੇ ਸਿੰਗਾਪੁਰ ਨੇ ਮਹਾਮਾਰੀ ਦੇ ਦੌਰਾਨ ਵੀ ਚੋਣ ਕਰਵਾਈਆਂ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਚੋਣਾਂ ਦੀਆਂ ਨਵੀਆਂ ਤਰੀਕਾਂ ਤੈਅ ਕਰਨ ਲਈ ਪਾਰਲੀਮੈਂਟ ਸੈਸ਼ਨ ਕੀਤਾ ਜਾਵੇਗਾ, ਜਿਹੜਾ ਸਤੰਬਰ ਦੇ ਸ਼ੁਰੂ ਵਿਚ ਹੋ ਸਕਦਾ ਹੈ।

ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਜੂਡਿਥ ਕੋਲਿਨਸ ਨੇ ਚੋਣ ਟਾਲਣ ਉੱਤੇ ਜ਼ਿਆਦਾ ਕੁਝ ਨਹੀਂ ਕਿਹਾ,ਪਰ ਇਹ ਦੋਸ਼ ਲਾਇਆ ਕਿ ਸਰਹੱਦ ਉੱਤੇ ਟੈਸਟਿੰਗ ਠੀਕ ਨਹੀਂ ਹੋਈ। ਦੂਜੀਆਂ ਵਿਰੋਧੀ ਪਾਰਟੀਆਂ ਨੇ ਚੋਣ ਟਾਲਣ ਦਾ ਸਵਾਗਤ ਕੀਤਾ ਹੈ। ਓਪੀਨੀਅਨ ਪੋਲ ਵਿਚ ਪ੍ਰਧਾਨ ਮੰਤਰੀ ਅਰਡਰਨ ਦੀ ਲਿਬਰਲ ਲੇਬਰ ਪਾਰਟੀ ਦੀ ਜਿੱਤ ਪੱਕੀ ਦੱਸੀ ਜਾ ਰਹੀ ਹੈ। ਅਸਲ ਵਿੱਚ ਅਰਡਰਨ ਨੇ ਮਹਾਮਾਰੀ ਉੱਤੇ ਜਿਵੇਂ ਕੰਟਰੋਲ ਕੀਤਾ ਹੈ, ਉਸ ਨਾਲ ਇਸ ਦੇਸ਼ ਵਿਚ ਉਨ੍ਹਾਂ ਦੀ ਲੋਕਪ੍ਰਿਅਤਾ ਵਧ ਗਈ ਹੈ ਅਤੇ ਇਸ ਮੁੱਦੇ ਉੱਤੇ ਉਨ੍ਹਾਂ ਦੀ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਪ੍ਰਸ਼ੰਸਾ ਹੋਈ ਹੈ।

# ਸੰਵਿਧਾਨਕ ਰਸਮ ਪੂਰਤੀ ਲਈ ਪੰਜਾਬ ਅਸੈਂਬਲੀ ਦਾ ਇਕ ਰੋਜ਼ਾ ਸੈਸ਼ਨ 28 ਨੂੰ


ਫਾਈਲ ਫੋਟੋ

ਚੰਡੀਗੜ੍ਹ, 17 ਅਗਸਤ, (ਪੋਸਟ ਬਿਊਰੋ)- ਸੰਵਿਧਾਨ ਅਨੁਸਾਰ ਵਿਧਾਨ ਸਭਾ ਦੇ ਸੈਸ਼ਨ ਦੀ ਜ਼ਰੂਰਤ ਪੂਰੀ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਇਕ ਰੋਜ਼ਾ ਸੈਸ਼ਨ 28 ਅਗਸਤ ਨੂੰ ਹੋਵੇਗਾ। ਕੋਵਿਡ ਮਹਾਮਾਰੀ ਛਿੜਨ ਪਿੱਛੋਂ ਏਦਾਂ ਦਾ ਸੈਸ਼ਨ ਪਹਿਲੀ ਵਾਰ ਸੱਦਿਆ ਗਿਆ ਹੈ ਤੇ ਇਸ ਦੀ ਪ੍ਰਵਾਨਗੀ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸੋਮਵਾਰ ਨੂੰ ਵੀਡਿਓ ਕਾਨਫਰੰਸ ਰਾਹੀਂ ਹੋਈ ਮੀਟਿੰਗ ਵਿੱਚ ਦਿੱਤੀ ਹੈ।

ਪੰਜਾਬ ਮੰਤਰੀ ਮੰਡਲ ਨੇ ਸੰਵਿਧਾਨਕ ਲੋੜ ਅਨੁਸਾਰ 28 ਅਗਸਤ ਨੂੰ ਵਿਧਾਨ ਸਭਾ ਦਾ ਜਿਹੜਾ ਇਕ ਦਿਨ ਲਈ ਸੈਸ਼ਨ ਬੁਲਾਇਆ ਹੈ, ਉਸ ਦੀਆਂ ਸਿਰਫ ਦੋ ਬੈਠਕਾਂ ਹੋਣਗੀਆਂ। ਸੰਵਿਧਾਨ ਅਨੁਸਾਰ ਪਿਛਲੇ ਸੈਸ਼ਨ ਤੋਂ ਛੇ ਮਹੀਨਿਆਂ ਦੇ ਅੰਦਰ ਅਗਲਾ ਸੈਸ਼ਨ ਕਰਾਉਣਾ ਜ਼ਰੂਰੀ ਹੁੰਦਾ ਹੈ। ਕੋਵਿਡ-19ਦੀ ਸਥਿਤੀ ਸੁਧਰਨ ਪਿੱਛੋਂ ਰੈਗੂਲ ਸੈਸ਼ਨ ਕਰ ਲਿਆ ਜਾਵੇਗਾ। ਅੱਜ ਦੇ ਕੈਬਨਿਟ ਦੇ ਫੈਸਲੇ ਨਾਲ ਪੰਜਾਬ ਦੇ ਗਵਰਨਰ ਨੂੰ ਭਾਰਤੀ ਸੰਵਿਧਾਨ ਦੇ ਆਰਟੀਕਲ 174 ਦੀ ਧਾਰਾ (1) ਅਨੁਸਾਰ 15ਵੀਂ ਵਿਧਾਨ ਸਭਾ ਦਾ ਸੈਸ਼ਨ ਬੁਲਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਸੈਸ਼ਨ ਦੀ ਸ਼ੁਰੂਆਤ ਸ਼ੋਕ ਮਤਿਆਂ ਨਾਲ ਹੋਵੇਗੀ, ਜਿਸ ਪਿੱਛੋਂ ਇਸ ਨੂੰ ਕੁਝ ਦੇਰ ਲਈ ਉਠਾ ਕੇ ਦੂਸਰੀ ਬੈਠਕ ਕੀਤੀ ਜਾਵੇਗੀ, ਜਿਸ ਵਿੱਚਜ਼ਰੂਰੀ ਵਿਧਾਨਕ ਕੰਮ-ਕਾਜ ਕਰ ਲਿਆ ਜਾਵੇਗਾ ਅਤੇ ਫਿਰ ਬੈਠਕ ਉਠਾ ਦਿੱਤੀ ਜਾਵੇਗੀ।

# ਪ੍ਰਸਿੱਧ ਕਲਾਸੀਕਲ ਸੰਗੀਤ ਗਾਇਕ ਪੰਡਿਤ ਜਸਰਾਜ ਦਾ ਦੇਹਾਂਤ



ਨਿਊ ਜਰਸੀ (ਅਮਰੀਕਾ), 17 ਅਗਸਤ, (ਪੋਸਟ ਬਿਊਰੋ)- ਭਾਰਤੀ ਕਲਾਸੀਕਲ ਸੰਗੀਤ ਦੇ ਗਾਇਕ ਪੰਡਿਤ ਜਸਰਾਜ ਦਾ ਅੱਜ ਸੋਮਵਾਰ ਨੂੰ ਨਿਊ ਜਰਸੀ,ਅਮਰੀਕਾ ਵਿੱਚ ਦੇਹਾਂਤ ਹੋ ਗਿਆ ਹੈ। 90 ਸਾਲਾਂ ਪੰਡਿਤ ਜਸਰਾਜ ਮੇਵਾਤੀ ਘਰਾਣਾ ਨਾਲ ਸਬੰਧਤ ਸਨ। ਉਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਪਦਮ ਵਿਭੂਸ਼ਣ, ਪਦਮ ਸ਼੍ਰੀ ਸੰਗੀਤ ਨਾਟਕ ਅਕੈਡਮੀ ਅਵਾਰਡ, ਮਾਰਵਾਰ ਸੰਗੀਤ ਰਤਨ ਐਵਾਰਡ ਆਦਿ ਨਾਲ ਸਨਮਾਨਤ ਕੀਤਾ ਗਿਆ ਸੀ।

ਪੰਡਿਤ ਜਸਰਾਜ ਦਾ ਜਨਮ 28 ਜਨਵਰੀ 1930 ਨੂੰ ਹੋਇਆ ਅਤੇ ਸਿਰਫ ਚਾਰ ਸਾਲ ਦੀ ਉਮਰ ਵਿੱਚ ਉਨ੍ਹਾਂ ਦੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਵੱਡੇ ਭਰਾ ਨੇ ਉਨ੍ਹਾਂ ਨੂੰ ਪਾਲਿਆ ਸੀ। ਜਸਰਾਜ ਨੂੰ ਬਚਪਨ ਤੋਂ ਉਨ੍ਹਾਂ ਦੇ ਪਿਤਾ ਪੰਡਿਤ ਮੋਤੀਰਾਮ ਨੇ ਸੰਗੀਤ ਸਿੱਖਿਆ ਦਿੱਤੀ ਸੀ।ਪਿਤਾ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੇ ਵੱਡੇ ਭਰਾ ਪੰਡਿਤ ਪ੍ਰਤਾਪ ਨਾਰਾਇਣ ਨੇ ਤਬਲੇ ਦੀ ਸੰਗਤ ਨਾਲ ਉਨ੍ਹਾਂ ਦੀ ਸਿਖਲਾਈ ਸ਼ੁਰੂ ਕੀਤੀ। ਪੰਡਿਤ ਜਸਰਾਜ ਨੇ 14 ਸਾਲ ਦੀ ਉਮਰ ਤੋਂ ਇੱਕ ਗਾਇਕ ਵਜੋਂ ਸਿਖਲਾਈ ਅਰੰਭ ਕੀਤੀ ਸੀ, ਇਸ ਤੋਂ ਪਹਿਲਾਂ ਉਹ ਤਬਲਾ ਵਾਦਕ ਹੀ ਸਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਸਤਿਕਾਰ ਕਮੇਟੀ ਦੇ ਫੇਰ ਨੇ ਛਿੜੇ ਚਰਚੇ,
ਧੱਕੜਸ਼ਾਹੀ ਦਾ ਲੱਗਾ ਪਿਆ ਦੋਸ਼ ਮਿੱਤਰ।
ਸੁਣਿਆ ਮ੍ਹਾਤੜ ਨੂੰ ਘੇਰਾ ਇਹ ਜਾ ਪਾਉਂਦੀ,
ਤਕੜਿਆਂ ਮੂਹਰੇ ਇਹ ਰਹੇ ਖਾਮੋਸ਼ ਮਿੱਤਰ।
ਮਿਣ ਕੇ ਪੂਰਾ ਮਾਹੌਲ ਜਿਹਾ ਪਹੁੰਚਦੀ ਆ,
ਮੂਹਰੇ ਮਾੜਾ, ਤਾਂ ਦੱਸੇ ਫਿਰ ਜੋਸ਼ ਮਿੱਤਰ।
ਕਰਦੀ ਰਤਾ ਨਾ ਹਸ਼ਰ ਦਾ ਫਿਕਰ ਸੁਣਿਆ,
ਅਗਲਾ ਮਰਦਾ ਜਾਂ ਹੋ ਜਾਏ ਬੇਹੋਸ਼ ਮਿੱਤਰ।
ਮਿਲਿਆ ਜਦੋਂ ਕੋਈ ਮੂਹਰਿਆਂ ਮਾਰ ਵਾਲਾ,
ਨਿਖੇੜਾ ਅਮਲ ਦਾ ਓਦਣ ਹੀ ਹੋਊ ਮਿੱਤਰ।
ਲੱਗ ਜਾਊ ਪਤਾ ਵਡੇਵੇਂ ਫਿਰ ਖਾਧਿਆਂ ਦਾ,
ਭੱਜ ਜਾਊ ਕਿਹੜਾ ਤੇ ਕੌਣ ਖੜੋਊ ਮਿੱਤਰ।

**ਤੀਸ ਮਾਰ ਖਾਂ**

# ਕਮਲਾ ਹੈਰਿਸ ਕਹਿੰਦੀ ਹੈ: ਮੇਰੀ ਮਾਂ ਨੇ ਕਮਲ ਦੀ ਤਰ੍ਹਾਂ ਭਾਰਤੀ ਜੜ੍ਹਾਂ ਨਾਲ ਜੋੜੀ ਰੱਖਿਐ

ਵਾਸ਼ਿੰਗਟਨ, 17 ਅਗਸਤ (ਪੋਸਟ ਬਿਊਰੋ)- ਭਾਰਤੀ ਮੂਲ ਦੀ ਅਮਰੀਕੀ ਆਗੂ ਕਮਲਾ ਹੈਰਿਸ ਡੈਮੋਕ੍ਰੈਟਿਕ ਪਾਰਟੀ ਵੱਲੋਂ ਉਪ-ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਐਲਾਨ ਕੀਤੇ ਜਾਣ ਤੋਂ ਬਾਅਦ ਇਨ੍ਹਾਂ ਦਿਨਾਂ 'ਚ ਅਮਰੀਕਾ ਦੇ ਸਿਆਸੀ ਹਲਕਿਆਂ 'ਚ ਖੂਬ ਚਰਚਾ ਵਿੱਚ ਹੈ। ਉਸ ਨੇ ਆਪਣੀ ਆਤਮਕਥਾ 'ਦਿ ਟਰੁੱਥ ਵੀ ਟੋਲਡ' ਵਿੱਚ ਲਿਖਿਆ ਹੈ ਕਿ ਉਨ੍ਹਾਂ ਦੀ ਮਾਂ ਨੂੰ ਪਤਾ ਸੀ ਕਿ ਉਹ ਦੋ ਗੈਰ ਗੋਰੀਆਂ ਬੇਟੀਆਂ ਦਾ ਪਾਲਣ-ਪੋਸ਼ਣ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਸਦਾ ਗੈਰ-ਗੋਰੇ ਦੇ ਤੌਰ ਦੇ ਤੌਰ 'ਤੇ ਹੀ ਜਾਣਿਆ ਜਾਵੇਗਾ, ਪਰ ਉਨ੍ਹਾਂ ਨੇ ਆਪਣੀਆਂ ਬੇਟੀਆਂ ਨੂੰ ਅਜਿਹੇ ਸੰਸਕਾਰ ਦਿੱਤੇ ਹਨ ਕਿ ਕੈਂਸਰ ਰਿਸਰਚ ਤੇ ਮਨੁੱਖੀ ਅਧਿਕਾਰ ਵਰਕਰ ਸ਼ਿਆਮਲਾ ਅਤੇ ਉਨ੍ਹਾਂ ਦੀਆਂ ਦੋਵਾਂ ਬੇਟੀਆਂ ਨੂੰ 'ਸ਼ਿਆਮਲਾ ਐਂਡ ਦਿ ਗਰਲਸ' ਦੇ ਨਾਂ ਨਾਲ ਜਾਣਿਆ ਜਾਣ ਲੱਗਾ।



ਅਮਰੀਕਾ ਦੇ ਲੋਕਾਂ ਨੂੰ ਆਪਣੇ ਨਾਂ ਦਾ ਅਰਥ ਸਮਝਾਉਂਦੇ ਹੋਏ ਕਮਲਾ ਹੈਰਿਸ ਕਹਿੰਦੀ ਹੈ, ''ਮੇਰੇ ਨਾਂ ਦਾ ਅਰਥ ਹੈ ਕਮਲ ਦਾ ਫੁੱਲ।'' ਭਾਰਤੀ ਸੱਭਿਆਚਾਰ 'ਚ ਕਮਲ ਦੇ ਫੁੱਲ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਇਹ ਆਪਣੀ ਖਾਸ ਅਹਿਮੀਅਤ ਰੱਖਦਾ ਹੈ। ਕਮਲ ਦਾ ਪੌਦਾ ਪਾਣੀ ਵਿੱਚ ਹੁੰਦਾ ਹੈ, ਪਰ ਇਸਦਾ ਫੁੱਲ ਪਾਣੀ ਦੀ ਸਤ੍ਹਾ ਤੋਂ ਉਪਰ ਖਿੜਦਾ ਹੈ। ਇਸ ਦੀਆਂ ਜੜ੍ਹਾਂ ਸਦਾ ਆਪਣੀ ਮਿੱਟੀ ਨਾਲ ਮਜ਼ਬੂਤੀ ਨਾਲ ਜੁੜੀਆਂ ਰਹਿੰਦੀਆਂ ਹਨ। ਮਾਂ ਨੇ ਮੈਨੂੰ ਕਮਲ ਦੀ ਤਰ੍ਹਾਂ ਭਾਰਤੀ ਜੜ੍ਹਾਂ ਨਾਲ ਜੋੜੀ ਰੱਖਿਆ। ਹਾਈ ਸਕੂਲ ਤੋਂ ਬਾਅਦ ਹਾਰਵਰਡ ਯੂਨੀਵਰਸਿਟੀ ਤੋਂ ਪੜ੍ਹਾਈ ਕਰਨ ਵਾਲੀ ਕਮਲਾ ਅਜੇ ਸੱਤ ਸਾਲ ਦੀ ਹੋਈ ਸੀ, ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਇੱਕ-ਦੂਜੇ ਤੋਂ ਵੱਖ ਹੋ ਗਏ। ਕਮਲਾ ਤੇ ਉਨ੍ਹਾਂ ਦੀ ਛੋਟੀ ਭੈਣ ਮਾਇਆ ਆਪਣੀ ਮਾਂ ਦੇ ਨਾਲ ਰਹੀਆਂ ਅਤੇ ਉਨ੍ਹਾਂ ਦੋਵਾਂ ਦੀ ਜੀਵਨ 'ਤੇ ਮਾਂ ਦਾ ਬਹੁਤ ਪ੍ਰਭਾਵ ਰਿਹਾ।

ਕਮਲਾ ਹੈਰਿਸ ਨੇ ਅਮਰੀਕਾ 'ਚ ਉਪ-ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੈਟਿਕ ਉਮੀਦਵਾਰ ਦੇ ਤੌਰ 'ਤੇ ਪਹਿਲੀ ਵਾਰ ਭਾਰਤੀ-ਅਮਰੀਕੀ ਭਾਈਚਾਰੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਆਪਣੀ ਭਾਰਤੀ ਵਿਰਾਸਤ 'ਤੇ ਮਾਣ ਹੈ। ਹੈਰਿਸ ਨੇ 'ਇੰਡੀਅਨਸ ਫਾਰ ਬਾਈਡੇਨ ਨੈਸ਼ਨਲ ਕਾਊਂਸਿਲ' ਦੇ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕਿਹਾ, ''ਮੈਂ ਦੱਖਣੀ ਏਸ਼ੀਆਈ ਮੂਲ ਦੀ ਪਹਿਲੀ ਅਮਰੀਕੀ ਉਪ-ਰਾਸ਼ਟਰਪਤੀ ਉਮੀਦਵਾਰ ਵਜੋਂ ਖੜ੍ਹੀ ਹਾਂ।''

# ਹਰਿਆਣਾ ਵਿੱਚ ਤਿੰਨ ਸਾਲ ਦੀਆਂ ਰਜਿਸਟਰੀਆਂ ਦੀ ਜਾਂਚ ਕਰਨ ਦੇ ਹੁਕਮ

ਚੰਡੀਗੜ੍ਹ, 17 ਅਗਸਤ (ਪੋਸਟ ਬਿਊਰੋ)- ਹਰਿਆਣਾ ਵਿੱਚ ਲਾਕਡਾਊਨ ਦੌਰਾਨ ਐੱਨ ਓ ਸੀ ਲਏ ਬਗੈਰ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀ ਕਰਨ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਪੌਣੇ ਤਿੰਨ ਸਾਲ ਦੀਆਂ ਰਜਿਸਟਰੀਆਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਮਾਲ ਅਤੇ ਆਫਤ ਪ੍ਰਬੰਧ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਅਤੇ ਵਿੱਤ ਕਮਿਸ਼ਨਰ ਮਾਲ ਵਿਜੇ ਵਰਧਨ ਨੇ 13 ਅਗਸਤ ਨੂੰ ਸਾਰੇ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ ਜਾਂਚ ਕਰਾਉਣ ਨੂੰ ਕਿਹਾ ਹੈ।

ਇਸ ਬਾਰੇ ਮੀਡੀਆ ਵੱਲੋਂ ਪੁੱਛਣ 'ਤੇ ਵਿਜੇ ਵਰਧਨ ਨੇ ਪੱਤਰ ਲਿਖਣ ਦੀ ਪੁਸ਼ਟੀ ਕੀਤੀ ਹੈ। ਭਾਜਪਾ ਸਰਕਾਰ ਨੇ ਹਰਿਆਣਾ ਡਿਵੈਲਪਮੈਂਟ ਐਂਡ ਰੈਗੂਲੇਸ਼ਨ ਆਫ ਅਰਬਨ ਏਰੀਆਜ਼ ਐਕਟ 1975 (ਐੱਚ ਡੀ ਆਰ ਐਕਟ) ਦੀ ਧਾਰਾ 7ਏ ਵਿੱਚ ਸੋਧ ਕੀਤੀ ਸੀ। ਇਸ ਸੋਧ ਵਿੱਚ ਖੇਤੀ ਯੋਗ ਜ਼ਮੀਨ ਦਾ ਖੇਤਰ ਦੋ ਹੈਕਟੇਅਰ ਤੋਂ ਘਟਾ ਕੇ ਦੋ ਕਨਾਲ ਕਰ ਦਿੱਤਾ ਸੀ। ਸੋਧਿਆ ਹੋਇਆ ਨਿਯਮ ਤਿੰਨ ਅਪ੍ਰੈਲ 2017 ਨੂੰ ਲਾਗੂ ਹੋਇਆ ਸੀ। ਸਰਕਾਰ ਨੇ ਤਿੰਨ ਅਪ੍ਰੈਲ 2017 ਤੋਂ 31 ਦਸੰਬਰ 2019 ਤੱਕ ਸੋਧੇ ਹੋਏ ਨਿਯਮ ਦੀ ਉਲੰਘਣਾ ਕਰ ਕੇ ਕੀਤੀਆਂ ਰਜਿਟਰੀਆਂ ਦੀ ਜਾਂਚ ਲਈ ਕਿਹਾ ਹੈ।

ਐਡੀਸ਼ਨਲ ਚੀਫ ਸੈਕਟਰੀ ਵਿਜੇ ਵਰਧਨ ਨੇ ਕਮਿਸ਼ਨਰਾਂ ਨੂੰ ਕਿਹਾ ਕਿ ਐੱਚ ਡੀ ਆਰ ਐਕਟ ਦੀ ਉਲੰਘਣਾ ਕਰ ਕੇ ਜਿੰਨੀਆਂ ਵੀ ਰਜਿਸਟਰੀਆਂ ਹੋਈਆਂ ਹਨ, ਉਨ੍ਹਾਂ ਦੀ ਜਾਂਚ ਸੰਬੰਧਤ ਐੱਸ ਡੀ ਐੱਮ ਦੀ ਅਗਵਾਈ ਵਿੱਚ ਕਮੇਟੀਆਂ ਕਰਨਗੀਆਂ। ਇਨ੍ਹਾਂ ਕਮੇਟੀਆਂ ਵਿੱਚ ਜ਼ਿਲਾ ਟਾਊਨ ਪਲਾਨਰ ਜਾਂ ਉਨ੍ਹਾਂ ਦੇ ਦਫਤਰ ਦਾ ਵਫਦ, ਨਗਰ ਨਿਗਮ ਜਾਂ ਨਗਰ ਪ੍ਰੀਸ਼ਦ ਜਾਂ ਨਗਰ ਪਾਲਿਕਾ ਦੇ ਵਫਦ ਸ਼ਾਮਲ ਹੋਣਗੇ। ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਦੇ ਕੋਲ ਮਾਲ ਅਤੇ ਆਫਤ ਪ੍ਰਬੰਧ ਵਿਭਾਗ ਦਾ ਮੰਤਰੀ ਹੋਣ ਦੇ ਨਾਤੇ ਜ਼ਿੰਮੇਵਾਰੀ ਹੈ। ਪਿਛਲੇ ਦਿਨੀ ਲਾਕਡਾਊਨ ਦੇ ਦੌਰਾਨ ਐੱਚ ਡੀ ਆਰ ਐਕਟ ਦਾ ਉਲੰਘਣ ਕਰ ਕੇ ਬਿਨਾਂ ਐੱਨ ਓ ਸੀ ਲਈ ਰਜਿਸਟਰੀਆਂ ਕਰਨ ਦਾ ਖੁਲਾਸਾ ਹੋਇਆ ਸੀ। ਵਿਰੋਧੀ ਦਲਾਂ ਦੇ ਨੇਤਾਵਾਂ ਨੇ ਇਸ ਰਜਿਸਟਰੀ ਮਾਮਲੇ ਨੂੰ ਉਪ ਮੁੱਖ ਮੰਤਰੀ ਨਾਲ ਜੋੜ ਦਿੱਤਾ ਸੀ ਇਸ ਲਈ ਉਨ੍ਹਾਂ ਨੇ ਉਸੇ ਦਿਨ ਤੋਂ ਜਾਂਚ ਕਰਵਾਉਣ ਦਾ ਫੈਸਲਾ ਕਰ ਦਿੱਤਾ, ਜਿਸ ਦਿਨ ਤੋਂ ਇਹ ਸੋਧ ਹੋਈ ਸੀ।

# ਵਿਸ਼ਵ ਵਿੱਚ ਤੰਬਾਕੂ ਨਾਲ ਮੌਤਾਂ 70 ਫ਼ੀਸਦੀ ਇਕੱਲੇ ਭਾਰਤ 'ਚ

ਲੰਡਨ, 17 ਅਗਸਤ (ਪੋਸਟ ਬਿਊਰੋ)- ਧੂੰਆਂ ਰਹਿਤ ਤੰਬਾਕੂ ਦੀ ਖਪਤ ਕਾਰਨ ਸੰਸਾਰ ਭਰ 'ਚ ਮੌਤਾਂ ਦੀ ਗਿਣਤੀ ਸੱਤ ਸਾਲਾਂ 'ਚ ਤਿੰਨ ਗੁਣਾ ਵਧ ਕੇ 3 ਲੱਖ, 50 ਹਜ਼ਾਰ ਹੋ ਗਈ ਹੈ। ਇੱਕ ਅਧਿਐਨ ਅਨੁਸਾਰ ਸੰਸਾਰ ਭਰ 'ਚ ਧੂੰਆਂ ਰਹਿਤ ਤੰਬਾਕੂ ਚਬਾਉਣ ਅਤੇ ਥੁੱਕਣ ਕਾਰਨ ਆਮ ਤੌਰ 'ਤੇ ਕੋਰੋਨਾ ਵਾਇਰਸ ਦੇ ਫੈਲਣ ਦਾ ਖ਼ਤਰਾ ਹੁੰਦਾ ਹੈ।

ਖੋਜ ਰਸਾਲੇ ਬੀ ਐਮ ਸੀ ਮੈਡੀਸਨ 'ਚ ਛਪੇ ਅਧਿਐਨ ਨੇ ਸਰਕਾਰ ਅਤੇ ਜਨਤਕ ਸਿਹਤ ਸੰਸਥਾਵਾਂ ਨੂੰ ਧੂੰਆਂ ਰਹਿਤ ਤੰਬਾਕੂ ਦੇ ਉਤਪਾਦਨ ਅਤੇ ਵਿਕਰੀ ਉਤੇ ਰੋਕ ਲਾਉਣ ਲਈ ਕਿਹਾ ਹੈ। ਵਿਗਿਆਨੀਆਂ ਅਨੁਸਾਰ ਜਨਤਕ ਥਾਵਾਂ 'ਤੇ ਥੁੱਕਣ 'ਤੇ



ਪਾਬੰਦੀ ਨਾਲ ਧੂੰਆਂ ਰਹਿਤ ਤੰਬਾਕੂ ਦੀ ਵਰਤੋਂ ਘੱਟ ਹੋਵੇਗੀ ਅਤੇ ਕੋਰੋਨਾ ਦੇ ਫੈਲਣ ਦਾ ਖ਼ਤਰਾ ਘੱਟ ਹੋਵੇਗਾ। ਯੌਰਕ ਯੂਨੀਵਰਸਿਟੀ ਦੇ ਕਾਮਰਾਨ ਸਿੱਦੀਕੀ ਨੇ ਕਿਹਾ ਕਿ ਇਹ ਅਧਿਐਨ ਅਜਿਹੇ ਸਮੇਂ ਆਇਆ ਹੈ, ਜਦੋਂ ਕੋਵਿਡ-19 ਸਾਡੇ ਜੀਵਨ ਦੇ ਸਾਰੇ ਪੱਖਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਅਧਿਐਨ ਅਨੁਸਾਰ ਤੰਬਾਕੂ ਚਬਾਉਣ ਨਾਲ ਲਾਰ ਵੱਧ ਬਣਦੀ ਅਤੇ ਥੁੱਕਣਾ ਜ਼ਰੂਰੀ ਹੋ ਜਾਂਦਾ ਹੈ। ਅਧਿਐਨ ਨੇ ਇਹ ਵੀ ਕਿਹਾ ਕਿ ਧੂੰਏਂ ਰਹਿਤ ਤੰਬਾਕੂ ਦੀ ਖਪਤ ਕਾਰਨ 2017 'ਚ 90 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ। ਇਸ ਤੋਂ ਇਲਾਵਾ 2,58,000 ਲੋਕਾਂ ਦੀ ਦਿਲ ਦੀ ਬਿਮਾਰੀ ਨਾਲ ਮੌਤ ਹੋਈ। ਸਿੱਦੀਕੀ ਨੇ ਕਿਹਾ ਕਿ ਦੁਨੀਆ ਭਰ 'ਚ ਤੰਬਾਕੂ ਕਾਰਨ ਲੱਗਣ ਵਾਲੀਆਂ ਬਿਮਾਰੀਆਂ 'ਚੋਂ ਦੱਖਣੀ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਇਕੱਲੇ ਭਾਰਤ 'ਚ 70 ਫੀਸਦੀ ਹਿੱਸੇਦਾਰੀ ਹੈ।

# ਈਰਾਨ ਹਥਿਆਰ ਪਾਬੰਦੀ ਕੇਸ ਵਿੱਚ ਅਮਰੀਕਾ ਦੀ ਯੂ ਐੱਨ ਵਿੱਚ ਕੂਟਨੀਤਕ ਹਾਰ

ਯੂ ਐੱਨ, 17 ਅਗਸਤ (ਪੋਸਟ ਬਿਊਰੋ)- ਆਪਣੇ ਸਹਿਯੋਗੀਆਂ ਵੱਲੋਂ ਨਿੱਖੜ ਜਾਣ ਦੇ ਬਾਅਦ ਅਮਰੀਕਾ ਨੂੰ ਯੂ ਐੱਨ ਸਕਿਓਰਟੀ ਕੌਂਸਲ (ਯੂ ਐੱਨ ਐੱਸ ਸੀ) ਵਿੱਚ ਕੂਟਨੀਤਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕੌਂਸਲ ਨੇ ਅਮਰੀਕਾ ਦੀ ਈਰਾਨ 'ਤੇ ਹਥਿਆਰਾਂ ਦੀ ਰੋਕ ਨੂੰ ਅੱਗੇ ਵਧਾਉਣ ਦੀ ਮੰਗ ਨੂੰ ਠੁਕਰਾ ਦਿੱਤਾ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਮੱਧ ਪੂਰਬ ਵਿੱਚ ਇੱਕ ਡਿਪਲੋਮੈਟਿਕ ਜਿੱਤ ਦਾ ਐਲਾਨ ਕਰਨ ਦੇ ਇੱਕ ਦਿਨ ਬਾਅਦ ਅਮਰੀਕਾ ਲਈ ਇਹ ਇੱਕ ਵੱਡਾ ਝਟਕਾ ਹੈ, ਜਦ ਵਾਸ਼ਿੰਗਟਨ ਦੇ ਨਾਟੋ ਦੇ ਪੰਜ ਸਹਿਯੋਗੀਆਂ ਦੇ ਨਾਲ ਛੇ ਹੋਰਨਾਂ ਨੇ ਵੀ ਉਸ ਨੂੰ ਇਕੱਲਾ ਛੱਡ ਦਿੱਤਾ। ਚੀਨ ਅਤੇ ਰੂਸ ਨੇ 18 ਅਕਤੂਬਰ ਨੂੰ ਖਤਮ ਹੋਣ ਜਾ ਰਹੀ ਹਥਿਆਰ ਪਾਬੰਦੀ ਦੀ ਸੀਮਾ ਨੂੰ ਅਣਮਿੱਥੇ ਸਮੇਂ ਲਈ ਵਧਾਉਣ ਦੇ ਖਿਲਾਫ ਮਤਦਾਨ ਕੀਤਾ। ਇਸ ਕੇਸ ਵਿੱਚ ਕੇਵਲ ਡੋਮੀਨੀਕਨ ਗਣਰਾਜ ਨੇ ਹੀ ਅਮਰੀਕਾ ਨਾਲ ਵੋਟ ਪਾਈ। ਇਹ ਮਤਦਾਨ ਕੋਵਿਡ 19 ਮਹਾਮਾਰੀ ਦੇ ਕਾਰਨ ਵਰਚੁਅਲ ਤੌਰ 'ਤੇ ਹੋਏ ਸਨ, ਜਿਨ੍ਹਾਂ ਦੇ ਨਤੀਜੇ ਸ਼ੁੱਕਰਵਾਰ ਨੂੰ ਐਲਾਨ ਕੀਤੇ ਗਏ। ਇਹ ਹਾਰ ਟਰੰਪ ਪ੍ਰਸ਼ਾਸਨ ਦੇ ਲਈ ਇੱਕ ਝਟਕਾ ਹੈ, ਜਿਸ ਨੇ ਕੌਮਾਂਤਰੀ ਸਮਝੌਤੇ ਤੋਂ ਅਲੱਗ ਹਟ ਕੇ ਈਰਾਨ ਦੇ ਨਾਲ ਆਪਣੇ ਪਰਮਾਣੂ ਹਥਿਆਰ ਪ੍ਰੋਗਰਾਮ ਨੂੰ ਖਤਮ ਕਰ ਦਿੱਤਾ ਸੀ।

# ਫਰੀਦਾਬਾਦ ਨਿਗਮ ਵਿੱਚ ਪੰਜਾਹ ਕਰੋੜ ਦੇ ਘੋਟਾਲੇ ਦੀ ਜਾਂਚ ਹੁੰਦੇ ਤੋਂ ਅੱਗ ਲੱਗਣ ਨਾਲ ਰਿਕਾਰਡ ਸਵਾਹ

ਫਰੀਦਾਬਾਦ, 17 ਅਗਸਤ (ਪੋਸਟ ਬਿਊਰੋ)- ਨਗਰ ਨਿਗਮ ਦਫਤਰ ਦੇ ਅਕਾਊਂਟ ਬ੍ਰਾਂਚ ਵਿੱਚ ਕੱਲ੍ਹ ਸਵੇਰੇ ਅੱਗ ਲੱਗ ਜਾਣ ਨਾਲ ਅਕਾਊਂਟ ਬ੍ਰਾਂਚ ਦਾ ਰਿਕਾਰਡ ਅਤੇ ਬਾਕੀ ਸਾਮਾਨ ਸੜ ਗਿਆ। ਇਸ ਪਿੱਛੋਂ ਨਗਰ ਨਿਗਮ ਦੇ ਕਮਿਸ਼ਨਰ ਡਾਕਟਰ ਯਸ਼ ਗਰਗ ਨੇ ਅਗਨੀ ਕਾਂਡ ਦੀ ਜਾਂਚ ਦੇ ਲਈ ਤਿੰਨ ਮੈਂਬਰ ਕਮੇਟੀ ਬਣਾ ਦਿੱਤੀ ਹੈ। ਨਿਗਮ ਕੌਂਸਲਰਾਂ ਨੇ ਇਸ ਨੂੰ ਸਾਜ਼ਿਸ਼ ਆਖਿਆ ਹੈ। ਦੋਸ਼ ਹੈ ਕਿ ਵਿਕਾਸ ਕੰਮਾਂ ਨਾਲ ਸੰਬੰਧਤ ਫਾਈਲਾਂ ਨੂੰ ਇਸ ਵਿੱਚ ਸਾੜਿਆ ਗਿਆ ਹੈ, ਕਿਉਂਕਿ ਪੰਜਾਹ ਕਰੋੜ ਰੁਪਏ ਦੇ ਘੋਟਾਲੇ ਦੀ ਜਾਂਚ ਚੱਲ ਰਹੀ ਹੈ। ਮਾਮਲਾ ਠੇਕੇਦਾਰਾਂ ਨੂੰ ਬਿਨਾਂ ਕੰਮ ਕਰਾਏ ਭੁਗਤਾਨ ਨਾਲ ਜੁੜਿਆ ਹੈ। ਘੋਟਾਲੇ ਦਾ ਦੋਸ਼ ਲਗਾ ਕੇ ਨਿਗਮ ਕੌਂਸਲਰ ਦੀਪਕ ਚੌਧਰੀ, ਦੀਪਕ ਯਾਦਵ, ਮਹਿੰਦਰ ਸਰਪੰਚ, ਸੁਰਿੰਦਰ ਅਗਰਵਾਲ ਨੇ ਨਿਗਮ ਕਮਿਸ਼ਨਰ, ਡਾਕਟਰ ਯਸ਼ ਗਰਗ ਨਾਲ ਮੁਲਾਕਾਤ ਕਰ ਕੇ ਜਾਂਚ ਕਰਾਉਣ ਦੀ ਮੰਗ ਕੀਤੀ ਸੀ। ਕਮਿਸ਼ਨਰ ਨੇ ਚੀਫ ਇੰਜੀਨੀਅਰ, ਜੁਆਇੰਟ ਕਮਿਸ਼ਨਰ ਅਤੇ ਜੈੱਡ ਟੀ ਓ ਹੈੱਡਕੁਆਰਟਰ ਦੀ ਇੱਕ ਟੀਮ ਬਣਾ ਕੇ ਜਾਂਚ ਦੇ ਹੁਕਮ ਦਿੱਤੇ ਸਨ।

# 'ਕੋਵਿਡ-19' ਦੇ ਕਾਰਨ ਤਕਨੀਕ ਆਧਾਰਤ ਸਿਹਤ ਸੇਵਾ ਦੀ ਮੰਗ ਵਧੀ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- 'ਕੋਵਿਡ-19' ਦੀ ਮਹਾਮਾਰੀ ਦੇ ਕਾਰਨ ਖਪਤਕਾਰਾਂ ਦੀ ਪਸੰਦ ਤੇ ਪਹਿਲ ਬਹੁਤ ਬਦਲ ਗਈ ਹੈ, ਜਿਸ ਦੇ ਸਪੱਸ਼ਟ ਸੰਕੇਤ ਮਿਲਣ ਲੱਗੇ ਹਨ।

ਸਲਾਹਕਾਰ ਕੰਪਨੀ ਡੇਲਾਇਟ ਇੰਡੀਆ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਅੱਜਕੱਲ੍ਹ ਖਪਤਕਾਰ ਤਕਨੀਕ ਦੇ ਆਧਾਰ ਉੱਤੇ ਅਤੇ 'ਸੰਪਰਕ-ਰਹਿਤ' ਸਿਹਤ ਸੇਵਾ ਨੂੰ ਪਹਿਲ ਦੇਂਦੇ ਹਨ। ਰਿਪੋਰਟ ਮੁਤਾਬਕ ਕਿ ਖਪਤਕਾਰ ਹਸਪਤਾਲ ਜਾਣ ਦੀ ਬਜਾਏ ਘਰ ਵਿੱਚ ਸਿਹਤ ਸੇਵਾ, ਇਲਾਜ ਅਤੇ ਮਰੀਜ਼ਾਂ ਦੀ ਦੇਖਭਾਲ ਚਾਹੁੰਦੇ ਹਨ। 'ਸਿਹਤ ਦੇਖਭਾਲ ਸੇਵਾਵਾਂ ਬਾਰੇ ਖਪਤਕਾਰਾਂ ਦਾ ਬਦਲਦਾ ਨਜ਼ਰੀਆ' ਸਿਰਲੇਖ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ 'ਕੋਵਿਡ-19' ਦੇ ਪ੍ਰਭਾਵ ਹੇਠ ਸਮਾਜਿਕ ਦੂਰੀ ਦੀ ਜ਼ਰੂਰਤ ਅਤੇ ਡਰ ਦੌਰਾਨ ਲੋਕ ਡਾਕਟਰਾਂ ਵੱਲੋਂ ਆਹਮੋ-ਸਾਹਮਣੇ ਬੈਠ ਕੇ ਸਲਾਹ ਲੈਣ ਦੀ ਥਾਂ ਅੱਜ ਕੱਲ੍ਹ ਆਨਲਾਈਨ ਸਲਾਹ ਨੂੰ ਪਹਿਲ ਦੇ ਰਹੇ ਹਨ। ਰਿਪੋਰਟ ਕਹਿੰਦੀ ਹੈ ਕਿ 'ਖਪਤਕਾਰਾਂ 'ਚ ਲਗਾਤਾਰ ਆਪਣੇ ਘਰ 'ਚ ਸੁਰੱਖਿਅਤ ਬੈਠ ਕੇ ਸਿਹਤ ਸੇਵਾਵਾਂ ਦੀ ਜ਼ਰੂਰਤ ਪੂਰਾ ਕਰਨ ਦੀ ਪਹਿਲ ਵਧ



ਰਹੀ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਸਿਹਤ ਸੇਵਾ ਦੀ ਸੁਰੱਖਿਆ ਪ੍ਰੋਟੋਕਾਲ ਨੂੰ ਆਪਣੀ ਪਹਿਲ 'ਚ ਸ਼ਾਮਲ ਕਰਨ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 'ਟੈਲੀਮੈਡੀਸਿਨ ਸੇਵਾਵਾਂ ਦੀ ਮੰਗ ਅਜੇ ਜਾਰੀ ਰਹੇਗੀ, ਕਿਉਂਕਿ ਖਪਤਕਾਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਘਰ ਬੈਠੇ ਪ੍ਰਭਾਵੀ ਸਲਾਹ ਮਿਲ ਸਕੇ। ਇਸ ਨਾਲ ਉਨ੍ਹਾਂ ਨੂੰ ਡਾਕਟਰ ਕੋਲ ਜਾਣ ਦੀ ਲੋੜ ਨਹੀਂ ਹੋਵੇਗੀ ਅਤੇ ਉਨ੍ਹਾਂ ਦਾ ਇੰਤਜ਼ਾਰ ਕਰਨ ਦਾ ਸਮਾਂ ਵੀ ਬਚੇਗਾ। ਡੇਲਾਇਟ ਇੰਡੀਆ ਦੀ ਭਾਈਵਾਲ ਅਨੁਪਮਾ ਜੋਸ਼ੀ ਨੇ ਕਿਹਾ ਕਿ ਇਸ ਰਿਪੋਰਟ 'ਚ ਅਸੀਂ ਖਪਤਕਾਰਾਂ ਦੀਆਂ ਸੋਚਾਂ ਦੇ ਬਲਾਅ ਦੇ ਮੱਦੇਨਜ਼ਰ ਸਿਹਤ ਸੇਵਾ ਖੇਤਰ ਲਈ ਮੌਕਿਆਂ ਅਤੇ ਚੁਣੌਤੀਆਂ ਦਾ ਜ਼ਿਕਰ ਕੀਤਾ ਹੈ। ਜੋਸ਼ੀ ਨੇ ਕਿਹਾ, ''ਸਾਡਾ ਮੰਨਣਾ ਹੈ ਕਿ ਇਸ ਨਾਲ ਸਿਹਤ ਸੇਵਾ ਹਾਲਾਤੀ ਤੰਤਰ ਦੇ ਸੰਗਠਨਾਂ ਨੂੰ ਬਿਹਤਰ ਕਾਰੋਬਾਰੀ ਰਣਨੀਤੀ ਬਣਾਉਣ, ਸਟਾਰਟਅਪਸ ਨਾਲ ਗੱਠਜੋੜ ਕਰਨ 'ਚ ਮਦਦ ਮਿਲੇਗੀ। ਇਹ 'ਕੋਵਿਡ-19' ਤੋਂ ਬਾਅਦ ਨਵੇਂ ਮਾਹੌਲ ਅਤੇ ਸਪਲਾਈ ਲੜੀ ਦੀ ਜ਼ਰੂਰਤ ਦੇ ਹਿਸਾਬ ਨਾਲ ਖੁਦ ਨੂੰ ਢਾਲ ਸਕਣਗੇ।

## ਸ਼ੋਕ ਸਮਾਚਾਰ

### ਬਾਪੂ ਬਖਸ਼ੀਸ਼ ਸਿੰਘ ਨਹੀਂ ਰਹੇ

ਬਟਾਲਾ ਤਹਿਸੀਲ ਦੇ ਪਿੰਡ ਸਕਾਲਾ ਦੇ ਜੰਮਪਲ ਸ਼੍ਰੀ ਬਖਸ਼ੀਸ਼ ਸਿੰਘ ਜੀ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 92 ਸਾਲ ਦੇ ਸਨ। ਉਨ੍ਹਾਂ ਦੇ ਦੇਹਾਂਤ ਉਤੇ ਰਿਸ਼ਤੇਦਾਰਾਂ ਤੇ ਸਨੇਹੀਆਂ ਵਲੋ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਸ਼੍ਰੀ ਬਖਸ਼ੀਸ਼ ਸਿੰਘ ਜੀ ਪਿਛਲੇ ਲੰਬੇ ਸਮੇ ਤੋ ਆਪਣੇ ਪਰਿਵਾਰ ਨਾਲ ਟੋਰਾਂਟੋ ਵਿਚ ਰਹਿ ਰਹੇ ਸਨ। ਉਨ੍ਹਾਂ ਦਾ ਅੰਤਮ ਸਸਕਾਰ ਤੇ ਅੰਤਿਮ ਅਰਦਾਸ ਦੀਆਂ ਰਸਮਾਂ 19 ਅਗਸਤ ਨੂੰ ਅਦਾ ਕੀਤੀਆਂ ਜਾਣਗੀਆਂ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana



iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**



7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**

Photo Not Available

7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



Ferndale & Edgehill : Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ





ਬੀਤੇ ਦਿਨੀਂ ਕੈਨੇਡਾ ( ਬੀ ਸੀ) ਸੂਬੇ ਦੇ ਸ਼ਹਿਰ ਵਿੱਲੀਅਮਜ਼ ਲੇਕ 'ਚ ਗੁਰਦੁ-ਆਰਾ ਗੁਰੂ ਨਾਨਕ ਸਿੱਖ ਟੈਂਪਲ ਵਿਖੇ ਗੁਰੂ-ਘਰ ਦੀ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਮਨਾਇਆ ਗਿਆ। ਬੀਤੇ ਐਤਵਾਰ ਨਿਸ਼ਾਨ ਸਾਹਿਬ ਦੀ ਸੇਵਾ ਦਾ ਕਾਰਜ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਇਆ। ਸਮੁੱਚੀਆਂ ਸੰਗਤਾਂ ਵਲੋਂ ਸੂਬਾ ਸਰਕਾਰ ਦੇ ਸਿਹਤ ਮਹਿਕਮੇ ਵੱਲੋਂ ਉਲੀਕੇ ਸੁਰੱਖਿਆ ਦਿਸ਼ਾ ਨਿਰਦੇਸ਼ਾਂ ਦਾ ਸਤਿਕਾਰ ਕਰਦਿਆਂ ਗੁਰੂ-ਘਰ ਵਿਖੇ ਸੀਮਤ ਗਿਣਤੀ 'ਚ ਹਾਜ਼ਰੀ ਲਗਵਾਈ ਪਰਸੋਂ ਤੋਂ ਅਰੰਭ ਕੀਤੇ ਗਏ ਸ੍ਰੀ ਅਖੰਡ-ਪਾਠ ਸਾਹਿਬ ਜੀ ਦੀ ਧੁਰ ਕੀ ਬਾਣੀ ਦੇ ਅੱਜ ਸਵੇਰੇ ਦਸ ਵਜੇ ਭੋਗ ਪਾਏ ਗਏ ਉਪਰੰਤ ਗੁਰੂ-ਘਰ ਦੇ ਵਜ਼ੀਰ ਭਾਈ ਕੰਵਲਪ੍ਰੀਤ ਸਿੰਘ ਜੀ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਪਿਛਲੇ ਤਿੰਨ ਦਿਨ ਤੋਂ ਗੁਰੂ ਕਾ ਅਤੁੱਟ ਲੰਗਰ ਵਰਤਿਆ ਸਮਾਗਮ ਦੀ ਸਮਾਪਤੀ ਸਮੇਂ ਅੰਤ 'ਚ ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਹਰਿੰਦਰ ਸਿੰਘ ਵੈਦ ਨੇ ਇਸ ਸ਼ੁਭ ਦਿਹਾੜੇ ਤੇ ਸੰਗਤਾਂ ਨੂੰ ਵਧਾਈ ਦਿੰਦਿਆਂ ਸਮੁੱਚੇ ਸਮਾਗਮ ਦੌਰਾਨ ਕੀਤੀਆਂ ਗਈਆਂ ਸੇਵਾਵਾਂ ਤੇ ਦਿੱਤੇ ਗਏ ਅਥਾਹ ਸਹਿਯੋਗ ਲਈ ਧੰਨਵਾਦ ਕੀਤਾ

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?





BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh; Angrej Singh
Office Admin — Priya Dhillon
Graphic Designer — Priya Dhillon
Photographer — Kanwaljit Singh Kanwal
Distributer — Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਇੱਕ ਰਾਤ ਚਮੇਲੀ ਨੇ ਆਪਣੇ ਪਤੀ ਦੀ ਗੱਲ੍ਹ 'ਤੇ ਥੱਪੜ ਮਾਰ ਦਿੱਤਾ।
ਪਤੀ (ਗੁੱਸੇ ਨਾਲ), ''ਮੇਰੀ ਗੱਲ੍ਹ 'ਤੇ ਥੱਪੜ ਕਿਉਂ ਮਾਰਿਆ?''
ਚਮੇਲੀ ਨੇ ਹਮੇਸ਼ਾ ਵਾਂਗ ਭੋਲੇਪਣ ਵਿੱਚ ਕਿਹਾ, ''ਮੱਛਰ ਬੈਠਾ ਸੀ, ਮੇਰੇ ਰਹਿੰਦਿਆਂ ਕੋਈ ਦੂਸਰਾ ਤੁਹਾਡਾ ਖ਼ੂਨ ਚੂਸ ਲਵੇ, ਇਹ ਮੈਨੂੰ ਪਸੰਦ ਨਹੀਂ।''

*********

ਅਫਸਰ ਨੇ ਇੰਟਰਵਿਊ ਲੈਂਦੇ ਸਮੇਂ ਉਮੀਦਵਾਰ ਨੂੰ ਕਿਹਾ, ''ਦੇਖੋ, ਸਾਨੂੰ ਇੱਕ ਅਜਿਹਾ ਚੌਕੀਦਾਰ ਚਾਹੀਦਾ ਹੈ, ਜੋ ਸਿਹਤਮੰਦ, ਚੁਸਤ ਚਲਾਕ ਹੋਵੇ। ਨਾਲ ਹੀ ਚੌਕੰਨਾ ਵੀ ਹੋਵੇ ਅਤੇ ਜ਼ਰੂਰਤ ਪੈਣ 'ਤੇ ਧਮਕੀ ਵੀ ਦੇ ਸਕੇ।''
ਉਮੀਦਵਾਰ ਨੇ ਤੁਰੰਤ ਜਵਾਬ ਦਿੱਤਾ, ''ਸਾਹਿਬ! ਮੇਰੀ ਪਤਨੀ ਵਿੱਚ ਇਹ ਸਾਰੇ ਗੁਣ ਹਨ। ਮੈਂ ਅੱਜ ਹੀ ਉਸ ਨੂੰ ਤੁਹਾਡੇ ਕੋਲ ਭੇਜਦਾ ਹਾਂ।''

# ਅੰਮ੍ਰਿਤਸਰ ਵਿਖੇ 1992 ਵਿਚ ਆਯੋਜਿਤ ਰਾਜ ਪੱਧਰੀ ਆਜ਼ਾਦੀ ਦਿਵਸ਼ ਸਮਾਰੋਹ



-ਗਿਆਨ ਸਿੰਘ-
ਜ਼ਿਲ੍ਹਾ ਲੋਕ ਸੰਪਰਕ ਅਫ਼ਸਰ (ਸੇਵਾ ਮੁਕਤ) ਮੋਬਾਈਲ ਨੰ 9815784100

ਲੰਬੇ ਸਮੇਂ ਦੇ ਅੱਤਵਾਦ ਤੋਂ ਬਾਅਦ ਬਣੀ ਸੀ ਬੇਅੰਤ ਸਿੰਘ ਦੀ ਅਗਵਾਈ ਹੇਠ ਲੋਕਾਂ ਦੀ ਸਰਕਾਰ

ਲੋਕ ਚਰਚਾ ਸੀ ਬੇਅੰਤ ਸਿੰਘ ਦੀ ਅਗਵਾਈ ਵਾਲੀ ਸਰਕਾਰ ਛੇ ਮਹੀਨਿਆਂ ਵਿਚ ਟੁੱਟ ਜਾਵੇਗੀ

ਸਰਕਾਰ ਨੇ ਅੱਤਵਾਦ ਨੂੰ ਠੱਲ ਪਾਉਣ ਤੇ ਲੋਕਾਂ ਦੀ ਸੇਵਾ ਕਰਨ ਨੂੰ ਬਣਾਇਆ ਨਿਸ਼ਾਨਾ

ਅੰਮ੍ਰਿਤਸਰ ਵਿਖੇ ਤਾਇਨਾਤ ਅਧਿਕਾਰੀਆਂ ਨੇ ਕਬੂਲ ਕੀਤਾ ਸਰਕਾਰ ਦਾ ਮਿਸ਼ਨ/ਚੈਲੰਜ

ਪੰਜਾਬ ਦੇ ਲੋਕਾਂ ਨੇ ਲੰਬਾ ਸਮਾਂ ਅੱਤਵਾਦ ਦੇ ਦੌਰ ਵਿਚ ਗੁਜ਼ਰਿਆ। ਅੱਤਵਾਦ ਦੀ ਹਨੇਰੀ ਝੁਲ ਰਹੀ ਸੀ। ਦਿਨ ਦਿਹਾੜੇ ਬੱਸਾਂ ਵਿਚ ਉਤਾਰਕੇ ਕਤਲ ਤੇ ਲੁੱਟਾਂ ਖੋਹਾਂ ਕੀਤੀਆ ਜਾ ਰਹੀਆਂ ਸਨ। ਪੰਜਾਬ ਦਾ ਹਰ ਇਨਸਾਨ ਮੌਤ ਦੇ ਛਾਏ ਹੇਠ ਸੀ। ਪੰਜਾਬ ਵਿਚ ਗਵਰਨਰੀ ਰਾਜ ਸੀ। ਬਾਹਰਲਿਆ ਸੂਬਿਆਂ ਦੇ ਚੋਟੀ ਦੇ ਸਿਆਸਤਦਾਨਾਂ,ਫੌਜ,ਪੁਲਿਸ ਤੇ ਸਿਵਲ ਉਚ ਅਫ਼ਸਰਾਂ ਨੂੰ ਪੰਜਾਬ ਵਿਚ ਰਾਜਪਾਲ/ਸਲਾਹਕਾਰ ਨਿਯੁਕਤ ਕੀਤਾ ਜਾਂਦਾਂ ਸੀ। ਸ਼ਾਮ ਢਲਦਿਆਂ ਹੀ ਰਸਤੇ ਸੁੰਨੇ ਹੋ ਜਾਂਦੇ ਸਨ। ਸ਼ਹਿਰਾਂ/ਪਿੰਡਾਂ ਅਤੇ ਢਾਣੀਆਂ ਵਿਚ ਹਨੇਰਾ ਛਾ ਜ਼ਾਂਦਾ ਸੀ। ਰਾਤ ਦੇ ਹਨੇਰੇ ਵਿਚ ਕਿਸ ਵਿਅਕਤੀ ਦੇ ਘਰ ਲਾਸ਼ਾ ਦਾ ਸੱਥਰ ਵਿਛ ਜਾਣਾ ਕੋਈ ਨਹੀ ਸੀ ਜਾਣਦਾ। ਅੱਤਵਾਦ ਦੇ ਦੌਰ ਦੌਰਾਨ ਚੋਟੀ ਦੇ ਸਿਆਸਤਦਾਨ,ਧਾਰਮਿਕ ਆਗੂ, ਸਿਵਲ ਤੇ ਪੁਲਿਸ ਅਧਿਕਾਰੀ, ਜੱਜ,ਪੱਤਰਕਾਰ ਅਤੇ ਆਮ ਵਿਅਕਤੀ ਹਜਾਰਾਂ ਦੀ ਗਿਣਤੀ ਵਿਚ ਆਪਣੀ ਕੁਰਬਾਨੀ ਦੇ ਗਏ। ਅੱਤਵਾਦੀ ਪੰਜਾਬ ਵਿਚ ਆਪਣੀਆਂ ਮਨ ਮਾਨੀਆਂ ਕਰ ਰਹੇ ਸਨ ਅਤੇ ਆਪਣੀ ਮੱਤਵਾਜ਼ੀ ਸਰਕਾਰ ਚਲਾ ਰਹੇ ਸਨ। ਆਪਣੇ ਹੁਕਮ ਜਾਰੀ ਕਰ ਰਹੇ ਸਨ। ਅੱਤਵਾਦੀਆਂ ਨੇ ਅਖ਼ਬਾਰਾਂ ਉਪਰ ਵੀ ਆਪਣਾ ਕਬਜਾ ਕਰ ਲਿਆ ਸੀ। ਆਪਣੇ ਅਧਿਕਾਰੀ ਵੀ ਤਾਇਨਾਤ ਕਰ ਦਿੱਤੇ ਸਨ। ਸਰਕਾਰ ਦਾ ਕੰਮ ਠੱਪ ਹੋ ਕੇ ਰਹਿ ਗਿਆ ਸੀ। ਸਰਕਾਰੀ ਕੰਮਾਂ ਦੇ ਠੇਕੇਦਾਰ ਵੀ ਠੇਕੇ ਲੈਣ ਤੋਂ ਕੰਨੀ ਕਤਰਾਉਦੇ ਸੀ। ਫ਼ਰੌਤੀਆਂ ਮੰਗੀਆਂ ਜਾ ਰਹੀਆਂ ਸਨ। ਬੱਚਿਆਂ ਨੂੰ ਅਗਵਾ ਕਰ ਲੈਣਾ ਤੇ ਫਿਰ ਰਕਮਾਂ ਬਟੋਰ ਕੇ ਛੱਡ ਦੇਣਾ ਆਮ ਰਿਵਾਜ ਬਣ ਗਿਆ ਸੀ। ਇੱਕ ਸਮਾਂ ਅਜਿਹਾ ਆਇਆ ਜਦੋਂ ਅੱਤਵਾਦ ਵਿਚ ਸਾਮਲ ਸਾਥੀਆਂ ਦੇ ਘਰਾਂ ਦੀ ਇੱਜਤ ਲੁੱਟੀ ਜਾਣ ਲੱਗੀ। ਮੁਕਬਰੀਆਂ ਦਾ ਦੌਰ ਸੁਰੂ ਹੋਇਆ, ਹਜਾਰਾਂ ਦੀ ਗਿਣਤੀ ਵਿਚ ਅੱਤਵਾਦ ਵਿਚ ਸਾਮਲ ਨੌਜਵਾਨ ਪੁਲਿਸ/ਸੁਰੱਖਿਆਂ ਬਲਾਂ/ਫ਼ੌਜ਼ ਦੀ ਗੋਲੀ ਦਾ ਨਿਸ਼ਾਨਾ ਬਣੇ। ਕੇਂਦਰ ਸਰਕਾਰ ਲਈ ਪੰਜਾਬ ਵਿਚ ਅਮਨ ਕਨੂੰਨ ਦਾ ਰਾਜ ਸਥਾਪਿਤ ਕਰਨਾ ਵੱਡੀ ਚੁਣੌਤੀ ਬਣੀ ਹੋਈ ਸੀ। ਕੇਂਦਰ ਸਰਕਾਰ ਨੇ ਅਖੀਰ 1991 ਵਿਚ ਚੋਣਾਂ ਦਾ ਐਲਾਨ ਕਰ ਦਿੱਤਾ। ਕੁਝ ਸਿਆਸੀ ਪਾਰਟੀਆਂ ਨੇ ਚੋਣਾਂ ਦਾ ਬਾਈਕਾਟ ਕਰ ਦਿੱਤਾ। ਚੋਣਾਂ ਦੀਆਂ ਤਿਆਰੀਆਂ ਚਲ ਰਹੀਆਂ ਸਨ। ਨਾਮਜਦਗੀਆਂ ਸੁਰੂ ਹੋਈਆਂ ਸਨ ਕਿ ਅਚਾਨਕ ਚੋਣਾਂ ਦੇ ਕੁਝ ਸੰਭਾਵੀ ਉਮੀਂਦਵਾਰਾਂ ਨੂੰ ਅੱਤਵਾਦੀਆਂ ਨੇ ਗੋਲੀਆਂ ਮੌਤ ਦੇ ਘਾਟ ਉਤਾਰ ਦਿੱਤਾ। ਚੋਣਾਂ ਕੈਂਸ਼ਲ ਹੋ ਗਈਆਂ। ਅਖ਼ੀਰ ਦੁਬਾਰਾ ਪੂਰੇ ਸੁਰੱਖਿਆ ਪ੍ਰਬੰਧ ਕਰਕੇ 1992 ਦੇ ਸ਼ੁਰੂ ਵਿਚ ਚੋਣਾਂ ਕਰਵਾਈਆਂ ਜਿਨ੍ਹਾਂ ਵਿਚ ਕੁਝ ਸਿਆਸੀ ਪਾਰਟੀਆਂ ਨੇ ਡਰਦਿਆਂ ਹਿੱਸਾ ਨਾ ਲਿਆ। ਇਸ ਚੋਣ ਦੌਰਾਨ ਕੁਝ ਘਟਨਾਵਾਂ ਵੀ ਵਾਪਰੀਆਂ,ਵੋਟਰਾਂ ਨੇ ਕੋਈ ਉਤਸ਼ਾਹ ਨਹੀਂ ਵਿਖਾਇਆ। ਵਿਧਾਨ ਸਭਾ ਹਲਕਿਆਂ ਵਿਚੋਂ ਉਮੀਦਵਾਰਾਂ ਨੂੰ ਵੋਟਾਂ ਸਰਪੰਚਾਂ/ਪੰਚਾਂ ਜਿੰਨੀਆਂ ਵੀ ਨਹੀਂ ਮਿਲੀਆਂ। ਲੋਕਾਂ ਦੇ ਨੁਮਾਇੰਦੇ ਚੁਣੇ ਗਏ। ਲੰਬੇ ਸਮੇਂ ਦੇ ਅੱਤਵਾਦ ਤੋਂ ਬਾਅਦ ਬੇਅੰਤ ਸਿੰਘ ਦੀ ਅਗਵਾਈ ਹੇਠ ਲੋਕਾਂ ਦੀ ਸਰਕਾਰ ਬਣੀ ਸੀ। ਚੋਣਾਂ ਤੋਂ ਪਿਛੋਂ ਲੋਕ ਚਰਚਾ ਸੀ ਬੇਅੰਤ ਸਿੰਘ ਦੀ ਅਗਵਾਈ ਵਾਲੀ ਸਰਕਾਰ ਛੇ ਮਹੀਨਿਆਂ ਵਿਚ ਟੁੱਟ ਜਾਵੇਗੀ।

ਕਾਂਗਰਸ ਪਾਰਟੀ ਦੀ ਸ ਬੇਅੰਤ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਅੱਤਵਾਦ ਨੂੰ ਠੱਲ ਪਾਉਣ ਤੇ ਲੋਕਾਂ ਦੀ ਸੇਵਾ ਕਰਨ ਦਾ ਨਿਸ਼ਾਨਾ ਬਣਾਇਆ ਹੋਇਆ ਸੀ। ਅੱਤਵਾਦ ਅਜੇ ਖਤਮ ਨਹੀਂ ਹੋਇਆ ਸੀ। ਅੱਤਵਾਦੀਆਂ ਦੀਆਂ ਕਾਰਵਾਈ ਨਿਰੰਤਰ ਜਾਰੀ ਸੀ ਭਾਂਵੇ ਲੋਕਾਂ ਦੀ ਚੁਣੀ ਸਰਕਾਰ ਬਹਾਲ ਹੋ ਗਈ ਸੀ। ਮਾਝਾ ਖੇਤਰ ਤੇ ਖਾਸਕਰ ਅੰਮ੍ਰਿਤਸਰ, ਤਰਨਤਾਰਨ, ਖੇਮਕਰਨ, ਪੱਟੀ, ਹਰੀਕੇ,ਅਜਨਾਲਾ, ਬਟਾਲਾ,ਬਾਬਾਬਕਾਲਾ,ਬਿਆਸ ਦੇ ਇਲਾਕੇ ਵਿਚ ਕਤਲ ਤੇ ਲੁੱਟਾਂ ਖੋਹਾਂ ਜਾਰੀ ਸਨ। ਸਰਕਾਰ ਨੇ ਅਪਣੀ ਵੱਚਨ ਬੱਧਿਤਾ ਨੂੰ ਸਾਹਮਣੇ ਰੱਖਦਿਆਂ ਅੰਮ੍ਰਿਤਸਰ ਨੂੰ ਮੁੱਖ ਧੁਰਾ ਮੰਨਕੇ ਮੁੱਖ ਮੰਤਰੀ,ਮੰਤਰੀਆਂ ਨੇ ਆਪਣੀਆਂ ਸਰਗਰਮੀਆਂ ਸੁਰੂ ਕਰ ਦਿੱਤੀਆਂ। ਸਰਕਾਰ ਦੇ ਮੰਤਰੀਆਂ ਨੂੰ ਪਿੰਡਾਂ ਵਿਚ ਲੈ ਕੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਉਸ ਵੇਲੇ ਅੰਮ੍ਰਿਤਸਰ ਵਿਖੇ ਤਾਇਨਾਤ ਸ ਕਰਨਬੀਰ ਸਿੰਘ ਸਿੱਧੂ ਡਿਪਟੀ ਕਮਿਸ਼ਨਰ ਅਤੇ ਸ੍ਰੀ ਹਰਦੀਪ ਸਿੰਘ ਢਿਲੋਂ ਉਚ ਪੁਲਿਸ ਕਪਤਾਨ ਨੇ ਫ਼ੌਜ਼ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਯੋਜਨਾ ਤਿਆਰ ਕੀਤੀ। ਫ਼ੌਜ਼ ਦੀ ਸਹਾਇਤਾਂ ਨਾਲ ਸਰਹੱਦੀ ਪਿੰਡਾਂ ਵਿਚ ਸਦਭਾਵਨਾ ਲਹਿਰ ਸਿਹਤ ਚੈਕਅੱਪ ਕੈਂਪ ਲਗਾਉਣੇ ਸੁਰੂ ਕੀਤੇ,ਇਨ੍ਹਾਂ ਕੈਂਪਾਂ ਦਾ ਉਦਘਾਟਨ ਕਰਨ ਲਈ ਮੰਤਰੀ ਪੁੱਜਣ ਲੱਗੇ। ਉਸ ਵੇਲੇ ਤਰੱਕੀ ਉਪਰੰਤ ਮੇਰੀ ਪਹਿਲੀ ਨਿਯੁਕਤੀ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅੰਮ੍ਰਿਤਸਰ ਹੋਈ ਸੀ।

ਸ ਬੇਅੰਤ ਸਿੰਘ ਮੁੱਖ ਮੰਤਰੀ, ਪੰਜਾਬ ਦਾ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਕੇ ਪੀ ਐਸ ਨੂੰ ਥਾਪੜਾ ਤੇ ਪੁਲਿਸ ਦੇ ਕੰਮ ਵਿਚ ਸਿਆਸੀ ਦਖ਼ਲਅੰਦਾਜੀ ਬੰਦ ਹੋਣ ਨਾਲ ਸਰਕਾਰ ਦਾ ਅੱਤਵਾਦੀਆਂ ਤੇ ਦਬਦਬਾ ਬਣਨਾ ਸੁਰੂ ਹੋ ਗਿਆ। ਪਹਿਲੀ ਜੁਲਾਈ 1992 ਨੂੰ ਸ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਵਲੋਂ ਰੇਲਵੇ ਸਟੇਸ਼ਨ ਤੇ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਦੀ ਸਥਾਪਨਾ ਕੀਤੀ ਗਈ।ਪੰਜਾਬ ਸਰਕਾਰ ਦੀ ਛੱਤਰ ਛਾਇਆ ਹੇਠ ਕਾਂਗਰਸ ਪਾਰਟੀ ਵਲੋਂ ਜੁਲਾਈ ਦੇ ਪਹਿਲੇ ਦਸ ਦਿਨ ਲੋਕਾਂ ਵਿਚ ਜਾਣ ਲਈ ਸਦਭਾਵਨਾ ਮੁਹਿੰਮ ਸੁਰੂ ਕੀਤੀ ਗਈ। ਇਸ ਮੁਹਿੰਮ ਦੌਰਾਨ ਕਿਸੇ ਵੀ ਥਾਂ ਤੇ ਖੜ੍ਹੇ ਹੋ ਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਨਹੀਂ ਕੀਤਾ ਗਿਆ। ਮੁੱਖ ਮੰਤਰੀ/ਮੰਤਰੀਆਂ ਨੇ ਖੁਲ੍ਹਲੀਆਂ ਜੀਪਾਂ ਦੀ ਵਰਤੋਂ ਕੀਤੀ। ਹੌਲੀ ਹੌਲੀ ਹਾਲਾਤ ਬਦਲਣੇ ਸੁਰੂ ਹੋ ਗਏ। ਲੋਕ ਵੀ ਮੰਤਰੀਆਂ ਤਕ ਪਹੁੰਚ ਕਰਨ ਲੱਗ ਪਏ,ਜਿਹੜਾ ਸਹਿਮ ਵੋਟਾਂ ਵੇਲੇ ਸੀ ਉਹ ਨਹੀ ਰਿਹਾ ਸੀ। ਮੰਤਰੀਆਂ ਦੀ ਅਖ਼ਬਾਰਾਂ ਤੇ ਦੂਰਦਰਸ਼ਨ ਤੇ ਕਵਰੇਜ਼ ਲਈ ਜਲੰਧਰ ਜਾਣਾ ਪੈਂਦਾ ਸੀ,ਪਰ ਡਰ ਦੇ ਮਾਰੇ ਦਫ਼ਤਰ ਦੇ ਕਰਮਚਾਰੀ ਜਲੰਧਰ ਵਲ ਮੂੰਹ ਨਹੀਂ ਸਨ ਕਰਦੇ। ਅਖ਼ੀਰ ਜਲੰਧਰ ਜਾਣ ਦੀ ਸ਼ੁਰੂਆਤ ਜਾਨ ਦੀ ਬਾਜੀ ਲਾ ਕੇ ਖ਼ੁਦ ਨੂੰ ਕਰਨੀ ਪਈ। ਜ਼ਿਲੇ ਦੇ ਡਿਪਟੀ ਕਮਿਸ਼ਨਰ ਸ ਕਰਨਬੀਰ ਸਿੰਘ ਸਿੱਧੂ ਅਤੇ ਸ੍ਰੀ ਹਰਦੀਪ ਸਿੰਘ ਢਿਲੋਂ ਉਚ ਪੁਲਿਸ ਕਪਤਾਨ ਅਤੇ ਹੋਰ ਅਧਿਕਾਰੀ ਵੀ ਹਰ ਤਰ੍ਹਾਂ ਦਾ ਜ਼ੋਖ਼ਮ ਉਠਾ ਰਹੇ ਸਨ।

ਪੰਜਾਬ ਲੋਕਾਂ ਦੀ ਚੁਣੀ ਸਰਕਾਰ ਵਲੋਂ 1992 ਦੌਰਾਨ ਅੱਤਵਾਦ ਦੇ ਲੰਬੇ ਦੌਰ ਤੋਂ ਬਾਅਦ ਪਹਿਲੀ ਵਾਰ ਅਜ਼ਾਦੀ ਦਿਵਸ਼ ਮਣਾਇਆ ਜਾਣਾ ਸੀ। ਸ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਨੇ ਅੰਮ੍ਰਿਤਸਰ ਨੂੰ ਤਰਜ਼ੀਹ ਦਿੱਤੀ ਅਤੇ ਰਾਜ ਪੱਧਰੀ ਸਮਾਗਮ ਰੱਖ ਲਿਆ। ਮੰਤਰੀਆਂ ਦੀਆਂ ਡਿਉਟੀਆਂ ਦੂਜਿਆਂ ਜ਼ਿਲ੍ਹਿਆਂ ਵਿਚ ਲਗਾ ਦਿੱਤੀਆਂ। ਮੁੱਖ ਮੰਤਰੀ ਨੇ ਅੱਤਵਾਦ ਤੋਂ ਪ੍ਰਭਾਵਿਤ ਜ਼ਿਲ੍ਹਾ ਅੰਮ੍ਰਿਤਸਰ ਵਿਚ ਸ਼ਾਤੀ ਦੀ ਸਥਾਪਨਾ ਨੂੰ ਪਹਿਲ ਦਿੱਤੀ ਕਿਉਂਕਿ ਇਥੋਂ ਉਠੀ ਆਵਾਜ਼ ਦਾ ਸੁਨੇਹਾ ਅੰਤਰਰਾਸ਼ਟਰੀ ਪੱਧਰ ਤੱਕ ਪੁਜਦਾ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਰਾਜ ਪੱਧਰੀ ਸਮਾਗਮ ਲਈ ਤਿਆਰੀਆਂ ਅਰੰਭ ਦਿੱਤੀਆਂ।ਡਰ ਦੇ ਕਾਰਨ ਕਾਲਜਾਂ/ਸਕੂਲਾਂ ਦੇ ਅਧਿਆਪਕ ਤੇ ਵਿੱਦਿਆਰਥੀ ਇਸ ਸਮਾਗਮ ਵਿਚ ਸਾਮਲ ਹੋਣ ਤੋਂ ਗੁਰੇਜ਼ ਕਰਦੇ ਸਨ। ਅਖੀਰ ਪ੍ਰਸ਼ਾਸਨ ਦੀ ਹੱਲਾਸ਼ੇਰੀ ਤੇ ਯੋਗ ਅਗਵਾਈ ਕਾਰਨ ਸਾਰੇ ਕਾਲਜ/ਸਕੂਲ ਸਰਗਰਮ ਹੋ ਗਏ ਸਨ। ਅਖ਼ੀਰ ਆਜ਼ਾਦੀ ਦਿਵਸ ਦੀ ਸੋਹਣੀ ਸਵੇਰ ਆ ਗਈ। ਸ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਰਾਤ ਸਮੇਂ ਹੀ ਅੰਮ੍ਰਿਤਸਰ ਪੁੱਜ ਗਏ ਸਨ।ਗੁਰੂ ਨਾਨਕ ਸਟੇਡੀਅਮ ਵਿਚ ਲੱਗੀਆਂ ਰੌਣਕਾਂ, ਮੁੱਖ ਮੰਤਰੀ ਜੀ ਰਾਸ਼ਟਰੀ ਝੰਡਾ ਲਹਿਰਾਇਆ,ਪ੍ਰੇਡ ਦੀ ਸਲਾਮੀ ਲਈ। ਆਪਣੇ ਸੰਬੋਧਨ ਵਿਚ ਸ ਬੇਅੰਤ ਸਿੰਘ ਨੇ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਨੂੰ ਯਾਦ ਕਰਦਿਆਂ ਆਪਣੀ ਸਰਕਾਰ ਵਲੋਂ ਲੋਕਾਂ ਦੀ ਸੇਵਾ ਕਰਨ ਤੇ ਅੱਤਵਾਦ ਨੂੰ ਖਤਮ ਕਰਕੇ ਸ਼ਾਤੀ ਸਥਾਪਿਤ ਕਰਨ ਦਾ ਪ੍ਰਣ ਦੁਹਰਾਇਆ। ਉਨ੍ਹਾਂ ਕਿਹਾ ਸਰਕਾਰ ਹਰ ਤਰ੍ਹਾਂ ਦੀ ਕਰਬਾਨੀ ਕਰਕੇ ਸੂਬੇ ਵਿਚ ਅਮਨ ਤੇ ਖੁਸ਼ਹਾਲੀ ਲਿਆਵੇਗੀ। ਇਸ ਮੌਕੇ ਦੇਸ਼ਭਗਤੀ ਦੇ ਗੀਤਾਂ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੌਕੇ ਤੇ ਸ ਬੇਅੰਤ ਸਿੰਘ ਦੇ ਪ੍ਰੀਵਾਰ ਮੈਂਬਰ ਵੀ ਪ੍ਰੋਗਰਾਮ ਵੇਖਕੇ ਬਹੁਤ ਪ੍ਰਭਾਵਿਤ ਹੋਏ। ਉਸ ਸਮੇਂ ਸਟੇਜ ਦੀ ਜਿੰਮੇਵਾਰੀ ਜਿੰਮੇਵਾਰੀ ਖ਼ੁਦ ਨੂੰ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਪੰਜਾਬ ਵਿਚ ਕਾਂਗਰਸ ਦੀ ਸਰਕਾਰ ਨੂੰ ਲੀਹ ਤੇ ਪਾਉਣ ਅਤੇ ਲੋਕਾਂ ਦੀ ਸੇਵਾ ਵਿਚ ਅੱਗੇ ਵੱਲ ਕਦਮ ਉਠਾਣ ਲਈ ਸ ਕਰਨਬੀਰ ਸਿੰਘ ਸਿੱਧੂ ਡਿਪਟੀ ਕਮਿਸ਼ਨਰ ਅਤੇ ਸ੍ਰੀ ਹਰਦੀਪ ਸਿੰਘ ਢਿਲੋਂ ਉਚ ਪੁਲਿਸ ਕਪਤਾਨ ਦੇ ਯਤਨ ਸਫਲ ਹੋਏ।

## ਤੇਜ਼ ਕੁੜੀ

ਉਹ ਸੂਟ ਪਾਉਂਦੀ ਹੈ
ਹਾਂ ਉਹ ਕਦੇ ਕਦੇ ਜੀਨ ਤੇ ਟਾਪ ਵੀ ਪਾ ਲੈਂਦੀ ਹੈ
ਉਹ ਸਾਇਕਲ ਵੀ ਚਲਾਉਂਦੀ ਹੈ
ਉਹ ਐਕਟਿਵਾ ਗੱਡੀ ਚਲਾ ਕੇ ਘਰ ਦਾ ਸਮਾਨ ਲੈ ਆਉਦੀ ਹੈ
ਉਹ ਪੜ੍ਹਨ ਲਈ ਦੂਰ ਕਾਲਜ਼ ਜਾਂਦੀ ਹੈ
ਉਹ ਕੁੜੀਆਂ ਨੂੰ ਵੀ ਬੁਲਾਉਂਦੀ ਹੈ ਮੁੰਡਿਆ ਨੂੰ ਵੀ
ਉਹ ਮੁੰਡਿਆ ਨੂੰ ਕੁੜੀਆਂ ਵਾਂਗ ਦੋਸਤ ਮੰਨਦੀ ਹੈ
ਉਹ ਕੁਰੀਤੀਆਂ ਦੇ ਖਿਲਾਫ਼ ਬੋਲਦੀ ਹੈ
ਉਹ ਟੋਕ ਦਿੰਦੀ ਹੈ ਜਦੋਂ ਕੋਈ ਕੁੜੀ ਨੂੰ ਬਿਚਾਰੀ ਦੱਸਦਾ ਹੈ
ਉਹ ਖੁੱਲ੍ਹ ਕੇ ਆਪਣੇ ਵਿਚਾਰ ਰੱਖਦੀ ਹੈ
ਉਹ ਖੇਤ ਵਿੱਚ ਨੱਕੇ ਮੋੜਦੀ ਹੈ
ਉਹ ਘਾਹ ਪੱਠੇ ਵੀ ਵੱਢਦੀ ਹੈ
ਉਹ ਨਿੱਕੀ ਉਮਰੇ ਵਿਆਹ ਦਾ ਵਿਰੋਧ ਕਰਦੀ ਹੈ
ਉਹ ਖ਼ੁਆਬ ਵੇਖਦੀ ਹੈ
ਉਹਨਾਂ ਨੂੰ ਪੂਰਾ ਕਰਨਾਂ ਚਾਹੁੰਦੀ ਹੈ
ਉਹ ਆਤਮ ਨਿਰਭਰ ਬਣਨਾ ਚਾਹੁੰਦੀ ਹੈ
ਉਹ ਮੰਗਣੀ ਤੋਂ ਪਹਿਲਾਂ ਉਸ ਮੁੰਡੇ ਦੇ ਵਿਚਾਰ ਜਾਨਣਾ ਚਾਹੁੰਦੀ ਹੈ
ਉਹ ਜੀਵਨ ਸਾਥੀ ਚੁਣਨ ਦੀ ਇੱਛਾ ਰੱਖਦੀ ਹੈ
ਉਹ ਖ਼ੁਆਬ ਪੂਰੇ ਕਰਨ ਲਈ ਪਰਿਵਾਰ ਦਾ ਸਹਾਰਾ ਚਾਹੁੰਦੀ ਹੈ
ਹਾਂ ਸੱਚ
ਇਸ ਲਈ ਬਹੁਤ ਤੇਜ਼ ਹੈ ਉਹ ਕੁੜੀ,
ਉਹ ਬਰਾਬਰੀ ਦੀ ਗੱਲ ਕਰਦੀ ਹੈ।

ਰਵਿੰਦਰ ਸਿੰਘ ਲਾਲਪੁਰੀ
ਸੰਪਰਕ 9463452261

# ਸ਼ਾਹ ਫੈਸਲ ਦੇ 'ਹੁਸੀਨ ਸੁਪਨਿਆਂ' ਦਾ ਅੰਤ

-ਕਸ਼ਮਾ ਸ਼ਰਮਾ

ਸਾਬਕਾ ਆਈ ਏ ਐਸ ਅਫਸਰ ਅਤੇ ਕਸ਼ਮੀਰ ਦੇ ਵਸਨੀਕ ਸ਼ਾਹ ਫੈਸਲ ਨੇ ਪਿੱਛੇ ਜਿਹੇ ਐਲਾਨ ਕੀਤਾ ਹੈ ਕਿ ਉਹ ਸਿਆਸਤ ਤੋਂ ਸੰਨਿਆਸ ਲੈ ਰਿਹਾ ਹੈ। ਇੱਕ ਅੰਗਰੇਜ਼ੀ ਅਖ਼ਬਾਰ ਨੂੰ ਦਿੱਤੀ ਇੰਟਰਵਿਊ 'ਚ ਉਸ ਨੇ ਕਿਹਾ ਕਿ ਇੱਕ ਸਾਲ ਦੀ ਨਜ਼ਰਬੰਦੀ ਨੇ ਉਸ ਨੂੰ ਬੜਾ ਕੁਝ ਸਿਖਾਇਆ ਹੈ। ਜਿਹੜੇ ਲੋਕਾਂ ਲਈ ਤੁਸੀਂ ਸਭ ਕੁਝ ਛੱਡ ਦਿੰਦੇ ਹੋ, ਮੁਸੀਬਤ ਪੈਣ 'ਤੇ ਉਹ ਤੁਹਾਡੇ ਨਾਲ ਨਹੀਂ ਆਉਂਦੇ। ਸਿਰਫ ਤੁਹਾਡਾ ਪਰਵਾਰ ਹੀ ਤੁਹਾਡੇ ਨਾਲ ਹੁੰਦਾ ਹੈ। ਤੁਹਾਡੇ ਜਲਦਬਾਜ਼ੀ ਦੇ ਫੈਸਲਿਆਂ ਦਾ ਸਾਰਾ ਖਮਿਆਜ਼ਾ ਪਰਵਾਰ ਨੂੰ ਭੁਗਤਣਾ ਪੈਂਦਾ ਹੈ।

ਸ਼ਾਹ ਫੈਸਲ ਪਹਿਲੇ ਕਸ਼ਮੀਰੀ ਸਨ, ਜਿਨ੍ਹਾਂ ਨੇ 2009 ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐਸ ਸੀ) ਦੇ ਇਮਤਿਹਾਨ ਵਿੱਚ ਟੌਪ ਕੀਤਾ ਸੀ। ਉਸ ਸਮੇਂ ਉਨ੍ਹਾਂ ਨੂੰ ਕਸ਼ਮੀਰ 'ਚ ਬਦਲਦੀ ਫਿਜ਼ਾ ਦਾ ਸੰਕੇਤ ਅਤੇ ਕਸ਼ਮੀਰੀ ਨੌਜਵਾਨਾਂ ਦਾ ਰੋਲ ਮਾਡਲ ਦੱਸਿਆ ਗਿਆ ਸੀ। ਇਹ ਕਸ਼ਮੀਰ ਬਾਰੇ ਵੱਡੀਆਂ ਅਖ਼ਬਾਰਾਂ 'ਚ ਲੇਖ ਵੀ ਲਿਖਦੇ ਰਹਿੰਦੇ ਸਨ ਪਰ ਅਚਾਨਕ ਉਨ੍ਹਾਂ ਦੇ ਸਿਆਸੀ ਸੁਪਨੇ ਜਾਗ ਉਠੇ। ਉਨ੍ਹਾਂ ਨੂੰ ਲੱਗਾ ਕਿ ਆਈ ਏ ਐਸ ਬਣ ਕੇ ਉਹ ਸਮਾਂ ਬਰਬਾਦ ਕਰ ਰਹੇ ਹਨ। ਉਨ੍ਹਾਂ ਨੂੰ ਕਸ਼ਮੀਰੀਆਂ ਦੀਆਂ ਉਮੀਦਾਂ, ਆਸ਼ਾਵਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਇਸ ਲਈ ਉਨ੍ਹਾਂ ਨੇ 2019 ਦੇ ਸ਼ੁਰੂ 'ਚ ਅਸਤੀਫਾ ਦੇਣ ਦਾ ਐਲਾਨ ਕੀਤਾ ਅਤੇ ਨਵੀਂ ਸਿਆਸੀ ਪਾਰਟੀ ਬਣਾਈ। ਇਸ ਦਾ ਨਾਂ ਸੀ ਜੰਮੂ ਐਂਡ ਕਸ਼ਮੀਰ ਪੀਪਲਜ਼ ਮੂਵਮੈਂਟ ਪਾਰਟੀ। ਉਦੋਂ ਉਨ੍ਹਾਂ ਨੇ ਕਿਹਾ ਸੀ ਕਿ ਜਦ ਕੋਈ ਕਸ਼ਮੀਰੀ ਨੌਜਵਾਨ ਮਰਦਾ ਹੈ, ਉਦੋਂ ਦੁੱਖ ਹੁੰਦਾ ਹੈ। ਇਸੇ ਤਰ੍ਹਾਂ ਫੌਜ ਦਾ ਕੋਈ ਸਿਪਾਹੀ ਮਰਦਾ ਹੈ ਤਾਂ ਉਦੋਂ ਵੀ ਦੁੱਖ ਹੁੰਦਾ ਹੈ। ਸ਼ਾਹ ਫੈਸਲ ਨੂੰ ਇਹ ਮਹਿਸੂਸ ਹੁੰਦਾ ਸੀ ਕਿ ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਜਾਂ ਮਹਿਬੂਬਾ ਮੁਫਤੀ ਦੀ ਪੀ ਡੀ ਪੀ ਲੋਕਾਂ ਦੀ ਆਵਾਜ਼ ਨਹੀਂ ਬਣ ਪਾ ਰਹੀ, ਪਰ ਉਨ੍ਹਾਂ ਦੀ ਬਦਕਿਸਮਤੀ ਕਿ ਪਿਛਲੇ ਸਾਲ 'ਚ ਧਾਰਾ-370 ਹਟਾ ਦਿੱਤੀ ਗਈ। ਲੱਦਾਖ ਨੂੰ ਜੰਮੂ-ਕਸ਼ਮੀਰ ਤੋਂ ਵੱਖ ਕਰ ਦਿੱਤਾ ਗਿਆ। ਧਾਰਾ-370 ਬਾਰੇ ਜੰਮੂ-ਕਸ਼ਮੀਰ ਦੀਆਂ ਪਾਰਟੀਆਂ ਧਮਕੀਆਂ ਦਿੰਦੀਆਂ ਸਨ ਕਿ ਜੇ ਇਸ ਨੂੰ ਹੱਥ ਵੀ ਲਾਇਆ ਤਾਂ ਕਸ਼ਮੀਰ 'ਚ ਖ਼ੂਨ ਦੀਆਂ ਨਦੀਆਂ ਵਹਿ ਜਾਣਗੀਆਂ ਤੇ ਕਸ਼ਮੀਰ ਪਾਕਿਸਤਾਨ ਵਿੱਚ ਚਲਾ ਜਾਵੇਗਾ, ਉਥੇ ਤਿਰੰਗੇ ਦਾ ਵਜੂਦ ਖਤਮ ਹੋ ਜਾਵੇਗਾ। ਅਜਿਹਾ ਕੁਝ ਨਹੀਂ ਹੋਇਆ। ਉਥੋਂ ਦੇ ਨੇਤਾਵਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ। ਸ਼ਾਹ ਫੈਸਲ ਵੀ ਉਨ੍ਹਾਂ 'ਚੋਂ ਇੱਕ ਸੀ। ਅਜਿਹੇ 'ਚ ਸ਼ਾਹ ਫੈਸਲ ਦਾ ਸਿਆਸਤ ਤੋਂ ਸੰਨਿਆਸ ਦਾ ਐਲਾਨ ਉਸ ਬਦਲੇ ਸਮੇਂ ਨੂੰ ਵੀ ਦੱਸ ਰਿਹਾ ਹੈ ਜੋ ਉਨ੍ਹਾਂ ਨਾਲ ਦੂਜੇ ਲੋਕ ਵੀ ਮਹਿਸੂਸ ਕਰਦੇ ਹੋਣਗੇ। ਉਨ੍ਹਾਂ ਦੀ ਪਾਰਟੀ ਦੇ ਲੋਕਾਂ ਨੇ ਸ਼ਾਹ ਫੈਸਲ ਦੇ ਅਜਿਹੇ ਕਿਸੇ ਵੀ ਫੈਸਲੇ ਤੋਂ ਇਨਕਾਰ ਕੀਤਾ ਹੈ।

ਸ਼ਾਹ ਫੈਸਲ ਆਈ ਏ ਐਸ ਅਫਸਰ ਸਨ। ਹਰ ਸਾਲ ਲੱਖਾਂ ਬੱਚੇ ਆਈ ਏ ਐਸ ਬਣਨ ਦਾ ਸੁਪਨਾ ਦੇਖਦੇ ਹੋਏ ਯੂ ਪੀ ਐਸ ਸੀ ਦਾ ਮੁਸ਼ਕਲ ਇਮਤਿਹਾਨ ਦਿੰਦੇ ਹਨ। ਉਨ੍ਹਾਂ 'ਚੋਂ ਕੁਝ ਦੇ ਹੀ ਸੁਪਨੇ ਪੂਰੇ ਹੁੰਦੇ ਹਨ। ਇਕ ਸਾਬਕਾ ਆਈ ਏ ਐਸ ਦਾ ਕਹਿਣਾ ਸੀ ਕਿ ਹਰ ਆਈ ਏ ਐਸ ਚਾਹੁੰਦਾ ਹੈ ਕਿ ਉਹ ਛੇਤੀ ਤੋਂ ਛੇਤੀ ਕਲੈਕਟਰ ਜਾਂ ਡੀ ਐਮ ਬਣੇ ਕਿਉਂਕਿ ਡੀ ਐਮ ਨੂੰ ਜ਼ਿਲੇ ਦਾ ਮਾਲਕ ਕਿਹਾ ਜਾਂਦਾ ਹੈ ਤੇ ਪੂਰੇ ਜ਼ਿਲ੍ਹੇ ਦੀ ਤਾਕਤ ਉਸ ਦੇ ਹੱਥ ਹੁੰਦੀ ਹੈ। ਹੋ ਸਕਦਾ ਹੈ ਕਿ ਨੌਕਰੀ ਛੱਡਣ ਤੋਂ ਬਾਅਦ ਫੈਸਲ ਨੂੰ ਅਹਿਸਾਸ ਹੋਇਆ ਹੋਵੇ ਕਿ ਇਹ ਉਸ ਨੇ ਕੀ ਕੀਤਾ। ਸਿਆਸਤ 'ਚ ਸਫਲਤਾ ਦੂਜਿਆਂ 'ਤੇ ਨਿਰਭਰ ਕਰਦੀ ਹੈ। ਉਂਝ ਵੀ ਉਨ੍ਹਾਂ ਕੋਲ ਅਜਿਹਾ ਕਿਹੜਾ ਨਵਾਂ ਵਿਚਾਰ ਸੀ ਕਿ ਲੋਕ ਉਨ੍ਹਾਂ ਵੱਲ ਖਿੱਚੇ ਚਲੇ ਜਾਂਦੇ। ਉਨ੍ਹਾਂ ਦੀ ਪਾਰਟੀ ਵਿੱਚ ਜੇ ਐਨ ਯੂ ਦੀ ਫਾਇਰ ਬ੍ਰਾਂਡ ਸ਼ਹਿਲਾ ਰਸ਼ੀਦ ਵੀ ਗਈ, ਜੋ ਇੱਥੇ ਖੁਦ ਨੂੰ ਆਜ਼ਾਦ ਲੜਕੀ ਤੇ ਪਿੰਜਰਾ ਤੋੜ ਅੰਦੋਲਨ ਦੀ ਸਮਰਥਕ ਦੱਸਦੀ ਸੀ। ਉਥੇ ਜਾਂਦੇ ਹੀ ਉਸ ਨੇ ਸਿਰ ਢੱਕ ਲਿਆ ਸੀ। ਜਦ ਉਸ ਤੋਂ ਪੁੱਛਿਆ ਗਿਆ ਕਿ ਅਜਿਹਾ ਕਿਉਂ ਕੀਤਾ ਤਾਂ ਉਸ ਨੇ ਕਿਹਾ ਕਿ ਔਰਤਾਂ ਘੁੰਡ ਵੀ ਕੱਢਦੀਆਂ ਹਨ। ਭਾਵ ਉਨ੍ਹਾਂ ਨੇ ਘੁੰਡ ਨੂੰ ਔਰਤਾਂ ਦੀ ਇੱਜ਼ਤ ਨਾਲ ਜੋੜ ਦਿੱਤਾ ਸੀ, ਜਦ ਕਿ ਉਤਰ ਭਾਰਤ 'ਚ ਮੱਧ ਵਰਗ ਦੇ ਪਰਵਾਰਾਂ 'ਚ ਘੁੰਡ ਦੀ ਵਿਦਾਈ ਬਹੁਤ ਪਹਿਲਾਂ ਹੋ ਚੁੱਕੀ ਹੈ। ਫੈਸਲ ਨੇ ਸੋਚਿਆ ਹੋਵੇਗਾ ਕਿ ਸ਼ਹਿਲਾ ਉਨ੍ਹਾਂ ਦੇ ਬੜੇ ਕੰਮ ਦੀ ਹੈ, ਪਰ ਅਜਿਹਾ ਹੋ ਨਾ ਸਕਿਆ।

ਜੋ ਲੜਕੇ ਕਿਸੇ ਕਾਰਨ ਆਈ ਏ ਐਸ ਵਰਗੀ ਨੌਕਰੀ ਛੱਡ ਦਿੰਦੇ ਹਨ, ਉਨ੍ਹਾਂ ਦੇ ਪਰਵਾਰ ਵਾਲੇ ਉਨ੍ਹਾਂ ਨਾਲ ਕਾਫੀ ਨਾਰਾਜ਼ ਹੁੰਦੇ ਹਨ, ਕਿਉਂਕਿ ਭਾਰਤੀ ਸਮਾਜ ਸ਼ਕਤੀ ਦਾ ਪੂਜਕ ਸਮਾਜ ਹੈ। ਸ਼ਕਤੀ ਜਾਂਦਿਆਂ ਹੀ ਉਹ ਲੋਕ ਸਾਥ ਛੱਡ ਕੇ ਚਲੇ ਜਾਂਦੇ ਹਨ, ਜੋ ਕੱਲ੍ਹ ਤੱਕ ਤੁਹਾਡੇ ਸਾਹਮਣੇ ਨਿਮਰਤਾ ਦੀ ਮੂਰਤੀ ਬਣੇ ਹੋਏ ਸਨ। ਇਸ ਲਈ ਜਦ ਆਈ ਏ ਐਸ ਆਈ ਐਫ ਐਸ, ਆਈ ਪੀ ਐਸ, ਫੌਜ ਦੇ ਅਧਿਕਾਰੀ ਰਿਟਾਇਰ ਹੁੰਦੇ ਹਨ ਤਾਂ ਉਹ ਆਪਣੇ ਆਪ ਨੂੰ ਬਹੁਤ ਸ਼ਕਤੀਹੀਣ ਮਹਿਸੂਸ ਕਰਦੇ ਹਨ। ਫਿਰ ਉਹ ਕਿਸੇ ਨਾ ਕਿਸੇ ਸਿਆਸੀ ਪਾਰਟੀ ਨਾਲ ਜੁੜਦੇ ਹਨ। ਟੀ ਵੀ ਬਹਿਸ 'ਚ ਉਨ੍ਹਾਂ ਦੇ ਬੁਲਾਰੇ ਬਣ ਜਾਂਦੇ ਹਨ, ਕਿਉਂਕਿ ਪੂਰੀ ਜ਼ਿੰਦਗੀ ਜਿਨ੍ਹਾਂ ਨੇ ਵੱਖ-ਵੱਖ ਢੰਗਾਂ ਨਾਲ ਤਾਕਤ ਨੂੰ ਭੋਗਿਆ ਹੈ, ਉਸ ਤੋਂ ਮਿਲਦੇ ਲਾਭਾਂ ਨੂੰ ਦੇਖਿਆ ਹੈ, ਉਹ ਉਸ ਤੋਂ ਬਿਨਾਂ ਰਹਿਣ ਕਿਵੇਂ। ਜਦ ਸ਼ਾਹ ਫੈਸਲ ਨੇ ਆਈ ਏ ਐਸ ਛੱਡੀ ਤਾਂ ਕਿਹਾ ਸੀ ਕਿ ਅਜਿਹਾ ਕਰਨਾ ਆਸਾਨ ਨਹੀਂ ਹੁੰਦਾ। ਘਰ ਵਾਲਿਆਂ ਅਤੇ ਪਤਨੀ ਨੂੰ ਸਮਝਾਉਣਾ ਪੈਂਦਾ ਹੈ। ਹੋ ਸਕਦਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਸਭ ਗੱਲਾਂ ਨੂੰ ਸੋਚਿਆ ਹੋਵੇ। ਮਹਿਸੂਸ ਕੀਤਾ ਹੋਵੇ ਕਿ ਸਿਆਸਤ ਦੀ ਕਾਲ-ਕੋਠੜੀ ਲਈ ਉਹ ਮਿਸਫਿੱਟ ਹਨ। ਜੋ ਵੀ ਹੋਵੇ, ਉਨ੍ਹਾਂ ਦਾ ਸਿਆਸੀ ਕੈਰੀਅਰ ਬਹੁਤ ਛੋਟਾ ਰਿਹਾ। ਇੱਕ ਖ਼ਬਰ ਇਹ ਆਈ ਕਿ ਉਹ ਮੁੜ ਆਈ ਏ ਐਸ ਅਹੁਦਾ ਸੰਭਾਲ ਸਕਦੇ ਹਨ ਕਿਉਂਕਿ ਉਨ੍ਹਾਂ ਦਾ ਅਸਤੀਫਾ ਸਰਕਾਰ ਨੇ ਮਨਜ਼ੂਰ ਹੀ ਨਹੀਂ ਕੀਤਾ ਸੀ। ਕਾਨੂੰਨਨ ਅਜਿਹਾ ਹੋ ਸਕਦਾ ਹੈ ਜਾਂ ਨਹੀਂ, ਕਿਹਾ ਨਹੀਂ ਜਾ ਸਕਦਾ, ਕਿਉਂਕਿ ਕਿਸੇ ਆਈ ਏ ਐਸ ਨੂੰ ਸਿਆਸਤ 'ਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਹੈ।

## ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ। ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384



ਕੈਸਲਮੋਰ, ਗੋਰ ਰੋਡ , ਹਾਈਵੇ 50, ਟਾਰਬਰਮ, ਏਅਰਪੋਰਟ ਰੋਡ, ਕੰਟਰੀਸਾਈਡ ਆਦਿ ਏਰੀਏ ਤੋਂ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ।

## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟਰੱਕਟਰ
647-998-7500 ਬਲਵਿੰਦਰ

## Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal, Co-Host
Iqbal Mahal, Producer & Host
Serving the South Asian Community Since 1976

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

Deposit Structure
40k $10,000 Submitted with offer
$10,000 Submitted 90 days after Offer Date
$20,000 Submitted 150 days after Offer Date



Jagdish Grewal
Sales Representative

Residential | Commercial | Investment
(416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

## BEST CANADIAN TRUCK & FORKLIFT TRAINING CENTRE

Best Canadian Truck & Forklift Training Centre
Registered as a Private Career College Under the Private Career College Act. 2005



✓ AZ Tractor trailer program
✓ Manual transmission & backup training everyday
✓ We welcome welfare workers & compensation clients

Open Seven Days

Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

## GUNTAAS RADIO AM 530

Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

## PUNJABI RANG RADIO



CAIO 530AM
11pm-12am
Every Saturday



Chamkaur Singh
Producer/ Host
Cell: 416 662 1313
Email: punjabirang13@hotmail.com

# ਭੁੱਖੇ ਢਿੱਡਾਂ ਨੂੰ ਜਸ਼ਨਾਂ ਦੇ ਢੋਲ-ਢਮੱਕੇ ਨਹੀਂ, ਰੋਟੀ ਦੀ ਉਡੀਕ ਹੈ



ਜਤਿੰਦਰ ਪੰਨੂ

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਆਪਣੀ ਆਜ਼ਾਦੀ ਦੇ ਤੇਹੱਤਰ ਸਾਲ ਗੁਜ਼ਾਰ ਚੁੱਕਾ ਹੈ। ਇਹ ਆਬਾਦੀ ਪੱਖੋਂ ਤਾਂ ਸਭ ਤੋਂ ਵੱਡਾ ਲੋਕਤੰਤਰ ਹੈ, ਅਮਲਾਂ ਦੇ ਪੱਖ ਤੋਂ ਸਭ ਤੋਂ ਵੱਡਾ ਬਣਨ ਵਿੱਚ ਅਜੇ ਵੀ ਸਫਲ ਨਹੀਂ ਹੋ ਸਕਿਆ।

ਅਸੀਂ ਇਹ ਗੱਲ ਨਹੀਂ ਕਹਿੰਦੇ ਕਿ ਇਸ ਨੇ ਆਜ਼ਾਦੀ ਮਿਲਣ ਦੀ ਘੜੀ ਤੋਂ ਕੁਝ ਕੀਤਾ ਹੀ ਨਹੀਂ, ਸਗੋਂ ਸਪੱਸ਼ਟ ਕਹਿਣਾ ਚਾਹੀਦਾ ਹੈ ਅਤੇ ਕਹਿਣਾ ਵੀ ਪੈਂਦਾ ਹੈ ਕਿ ਬਹੁਤ ਕੁਝ ਕੀਤਾ ਹੈ, ਪਰ ਜਿੰਨਾ ਕੁਝ ਕੀਤਾ ਜਾਣਾ ਚਾਹੀਦਾ ਸੀ, ਜਾਂ ਕੀਤਾ ਜਾ ਸਕਦਾ ਸੀ, ਉਹ ਅਜੇ ਤੱਕ ਨਹੀਂ ਕੀਤਾ ਗਿਆ। ਆਜ਼ਾਦੀ ਮਿਲਣ ਵੇਲੇ ਭਾਰਤ ਦੀ ਆਬਾਦੀ ਚੌਤੀ ਕਰੋੜ ਨੇੜੇ ਸੀ, ਚਾਰ ਸਾਲ ਬਾਅਦ ਪਹਿਲੀ ਮਰਦਮ ਸ਼ੁਮਾਰੀ ਵੇਲੇ ਛੱਤੀ ਕਰੋੜ ਤੋਂ ਟੱਪ ਗਈ, ਵੀਹ ਸਾਲਾਂ ਬਾਅਦ ਚੁਰਵੰਜਾ ਕਰੋੜ ਹੋ ਕੇ ਚਾਲੀ ਸਾਲਾਂ ਤੱਕ ਇਹ ਚੁਰਾਸੀ ਕਰੋੜ ਤੇ ਸੱਠ ਸਾਲਾਂ ਤੱਕ ਇੱਕ ਸੌ ਇੱਕੀ ਕਰੋੜ ਹੋ ਗਈ ਸੀ। ਦੇਸ਼ ਦੀ ਸਰਕਾਰ ਇਸ ਦੀ ਆਬਾਦੀ ਅੱਜਕੱਲ੍ਹ ਕਦੀ ਇੱਕ ਸੌ ਪੈਂਤੀ ਕਰੋੜ ਤੇ ਕਦੀ ਉਸ ਨਾਲੋਂ ਵੱਧ ਦੱਸਦੀ ਹੈ। ਪ੍ਰਧਾਨ ਮੰਤਰੀ ਇਸ ਦੇਸ਼ ਦੀ ਆਬਾਦੀ ਇੱਕ ਸੌ ਤੀਹ ਕਰੋੜ ਦੱਸੀ ਜਾਂਦਾ ਹੈ। ਪੈਂਤੀ-ਛੱਤੀ ਕਰੋੜ ਦੀ ਆਬਾਦੀ ਵੇਲੇ ਇਸ ਦੇਸ਼ ਵਿੱਚ ਅਨਾਜ ਘੱਟ ਹੁੰਦਾ ਸੀ ਤੇ ਸਰਕਾਰ ਖੇਤੀ ਪੈਦਾਵਾਰ ਵਧਾਉਣ ਲਈ ਕਿਸਾਨਾਂ ਨੂੰ ਹੱਲਾਸ਼ੇਰੀ ਦੇਂਦੀ ਸੀ, ਅੱਜ ਅਨਾਜ ਗੋਦਾਮਾਂ ਅਤੇ ਹੋਰ ਥਾਂਵਾਂ ਉੱਤੇ ਨੰਗਾ ਪਿਆ ਖਰਾਬ ਹੁੰਦਾ ਹੈ, ਕੋਈ ਸੰਭਾਲਣ ਵਾਲਾ ਨਹੀਂ, ਪਰ ਲੋਕ ਅਜੇ ਤੱਕ ਕਈ ਰਾਜਾਂ ਵਿੱਚ ਅਨਾਜ ਦੇ ਦਾਣੇ-ਦਾਣੇ ਨੂੰ ਤਰਸਦੇ ਹਨ। ਕਾਣੀ ਵੰਡ ਨਹੀਂ ਰੋਕੀ ਗਈ, ਉਲਟਾ ਵਧਦੀ ਗਈ ਤੇ ਸਟੋਰਾਂ ਵਿੱਚ ਅਨਾਜ ਪਿਆ ਰੱਖ ਕੇ ਬਾਜ਼ਾਰ ਵਿੱਚ ਨਕਲੀ ਥੁੜ ਪੈਦਾ ਕਰਨ ਪਿੱਛੋਂ ਮਹਿੰਗੇ ਭਾਅ ਵੇਚਣ ਦੀ ਬਿਮਾਰੀ ਇਸ ਦੇਸ਼ ਦੇ ਲੋਕਾਂ ਲਈ ਮੌਤ ਦਾ ਫੰਦਾ ਅਜੇ ਵੀ ਬਣੀ ਪਈ ਹੈ। ਕਿਸਾਨ ਅਨਾਜ ਪੈਦਾ ਕਰਦਾ ਹੈ, ਪਰ ਉਸ ਦੀ ਫਸਲ ਦਾ ਪੂਰਾ ਭਾਅ ਦੇਣ ਲਈ ਕਿਸੇ ਰੰਗ ਦੀ ਸਰਕਾਰ ਵੀ ਤਿਆਰ ਨਹੀਂ, ਇਸ ਦੀ ਥਾਂ ਅੰਕੜਿਆਂ ਦੀ ਜਾਦੂਗਰੀ ਕਰ ਕੇ ਉਸ ਨੂੰ ਇਹ ਦੱਸਿਆ ਜਾਂਦਾ ਹੈ ਕਿ ਤੇਰੀ ਫਸਲ ਦੀ ਤਾਂ ਲੋੜ ਹੀ ਨਹੀਂ, ਸਰਕਾਰ ਐਵੇਂ ਲਿਹਾਜ ਕਰ ਕੇ ਤੈਨੂੰ ਥੋੜ੍ਹਾ-ਬਹੁਤ ਭਾਅ ਦੇ ਰਹੀ ਹੈ।

ਸਨਅਤੀ ਪਹੀਆ ਗੇੜਨ ਵਾਲਾ ਮਜ਼ਦੂਰ ਮੱਧ ਯੁੱਗ ਦੀ ਗੁਲਾਮੀ ਵਾਲੀ ਹਾਲਤ ਵਿੱਚ ਕੰਮ ਕਰਦਾ ਹੈ ਤੇ ਉਸ ਦੀ ਇਹ ਤਸਵੀਰ ਕੋਰੋਨਾ ਦੇ ਪਹਿਲੇ ਹੱਲੇ ਵਿੱਚ ਹੀ ਸਾਹਮਣੇ ਆ ਗਈ ਸੀ, ਜਦੋਂ ਨਾ ਸਨਅਤਕਾਰਾਂ ਨੇ ਫਰਜ਼ ਸਮਝਦੇ ਹੋਏ ਉਨ੍ਹਾਂ ਨੂੰ ਜ਼ਿੰਦਾ ਰਹਿਣ ਲਈ ਲੋੜ ਜੋਗਾ ਕੁਝ ਦਿੱਤਾ ਅਤੇ ਨਾ ਸਰਕਾਰਾਂ ਨੇ ਬਾਂਹ ਫੜੀ ਸੀ। ਏਸੇ ਲਈ ਮਜ਼ਦੂਰ ਪਰਵਾਰਾਂ ਸਮੇਤ ਪੰਜਾਬ ਤੋਂ ਵੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਖੁਸ਼ਹਾਲ ਕਹੇ ਜਾਂਦੇ ਗੁਜਰਾਤ ਤੋਂ ਇੱਕ-ਇੱਕ ਹਜ਼ਾਰ ਕਿਲੋਮੀਟਰ ਪੈਦਲ ਤੁਰ ਕੇ ਰਾਹ ਵਿੱਚ ਸੌ ਮੁਸੀਬਤਾਂ ਭੋਗਦੇ ਹੋਏ ਮੱਧ ਭਾਰਤ ਦੇ ਰਾਜਾਂ ਵਿੱਚ ਆਪਣੇ ਘਰੀਂ ਪਹੁੰਚੇ ਸਨ। ਜਦੋਂ ਮਜ਼ਦੂਰ ਪੈਦਲ ਜਾ ਰਹੇ ਸਨ ਤਾਂ ਕਿਸੇ ਨੇ ਬਾਂਹ ਨਹੀਂ ਸੀ ਫੜੀ ਤੇ ਜਦੋਂ ਸਰਕਾਰ ਨੇ ਕਾਰਖਾਨੇ ਚਲਾਉਣ ਦੀ ਖੁੱਲ੍ਹ ਦੇ ਦਿੱਤੀ ਸੀ ਤਾਂ ਸਨਅਤਾਂ ਚਲਾ ਕੇ ਇਨ੍ਹਾਂ ਤੋਂ ਪੈਸਾ ਕਮਾਉਣ ਦੇ ਚਾਹਵਾਨਾਂ ਨੇ ਉਨ੍ਹਾਂ ਹੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਹਵਾਈ ਜਹਾਜ਼ਾਂ ਉੱਤੇ ਵਾਪਸ ਲਿਆਂਦਾ ਹੈ। ਦੁਨੀਆ ਭਰ ਵਿੱਚ ਕੋਰੋਨਾ ਦੀ ਮੁਸੀਬਤ ਆਈ ਹੈ, ਪਰ ਜਿਹੜੇ ਹਾਲ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਅਖਵਾਉਣ ਵਾਲੇ ਭਾਰਤ ਦੇ ਲੋਕਾਂ ਨੂੰ ਵੇਖਿਆ ਹੈ, ਇਹ ਹਾਲਾਤ ਸੰਸਾਰ ਦੇ ਕਿਸੇ ਵੀ ਦੇਸ਼ ਦੇ ਲੋਕਾਂ ਨੂੰ ਹੰਢਾਉਣੇ ਨਹੀਂ ਪਏ ਹੋਣਗੇ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਕੋਰੋਨਾ ਦੇ ਕਹਿਰ ਦੌਰਾਨ ਵੀ ਭਾਰਤ ਵਿੱਚ ਵਿਦੇਸ਼ੀ ਪੂੰਜੀ ਆਉਂਦੀ ਰਹੀ ਹੈ, ਸਰਕਾਰ ਨੇ ਆਰਥਿਕਤਾ ਸੰਭਾਲੀ ਰੱਖੀ ਹੈ, ਪਰ ਜਦੋਂ ਦੇਸ਼ ਦੀ ਜੜ੍ਹ ਕਹੇ ਜਾਂਦੇ ਲੋਕਾਂ ਨੂੰ ਕੁਝ ਨਹੀਂ ਮਿਲਿਆ ਤਾਂ 'ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ' ਵਾਲੀ ਗੱਲ ਕਹੀ ਜਾਣੀ ਹੈ।



ਆਜ਼ਾਦੀ ਮਿਲਣ ਵੇਲੇ ਦੇਸ਼ ਦੇ ਬਹੁਤੇ ਲੋਕ ਕੱਚੇ ਘਰਾਂ ਵਿੱਚ ਰਹਿੰਦੇ ਸਨ, ਅਸੀਂ ਵੀ ਕੱਚੇ ਘਰਾਂ ਵਿੱਚ ਪੈਦਾ ਹੋਈ ਪੀੜ੍ਹੀ ਵਿੱਚੋਂ ਹਾਂ, ਅੱਜ ਕਿਸੇ ਵਿਰਲੇ ਦਾ ਘਰ ਕੱਚਾ ਹੋਵੇਗਾ, ਪਰ ਦੂਸਰੇ ਪਾਸੇ ਹਰ ਛੋਟੇ-ਵੱਡੇ ਸ਼ਹਿਰ ਦੇ ਅੰਦਰ-ਬਾਹਰ ਬਣੀਆਂ ਝੁੱਗੀਆਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਉਨ੍ਹਾਂ ਕੋਲ ਜਦੋਂ ਘਰ ਹੀ ਨਹੀਂ ਤਾਂ ਬਾਥਰੂਮ ਤੇ ਹੋਰ ਸਹੂਲਤਾਂ ਵੀ ਕਿੱਥੋਂ ਹੋਣੀਆਂ ਹਨ, ਪਰ ਸਵੱਛ ਭਾਰਤ ਦੇ ਪ੍ਰਚਾਰ ਵਿੱਚ ਲੱਗੀ ਹੋਈ ਦੇਸ਼ ਦੀ ਸਰਕਾਰ ਉਨ੍ਹਾਂ ਵੱਲ ਝਾਕੇ ਬਿਨਾਂ ਸਾਰੀ ਦੁਨੀਆ ਨੂੰ ਇਹ ਦੱਸਣ ਲੱਗੀ ਹੋਈ ਹੈ ਕਿ ਅਸੀਂ ਸਭ ਤੋਂ ਹੇਠਲੇ ਪੱਧਰ ਤੱਕ ਦੇ ਲੋਕਾਂ ਦਾ ਏਨਾ ਵਿਕਾਸ ਕਰ ਚੁੱਕੇ ਹਾਂ ਕਿ ਲੋਕ ਸੰਤੁਸ਼ਟ ਹਨ। ਦੂਸਰੇ ਦੇਸ਼ਾਂ ਦੇ ਜਿਨ੍ਹਾਂ ਲੋਕਾਂ ਨੂੰ ਚਾਰ-ਚਾਰ ਮਹੀਨੇ ਤੋਂ ਕੰਮ ਨਹੀਂ ਮਿਲਿਆ, ਉਨ੍ਹਾਂ ਦੇਸ਼ਾਂ ਦੇ ਰਾਜ ਕਰਤੇ ਜਿਸ ਤਰ੍ਹਾਂ ਭੱਤੇ ਵੰਡ ਰਹੇ ਹਨ, ਭਾਰਤ ਵਿੱਚ ਓਦਾਂ ਨਹੀਂ ਵੰਡੇ ਗਏ, ਸਿਰਫ ਊਠ ਦੇ ਮੂੰਹ ਵਿੱਚ ਜ਼ੀਰਾ ਦੇਣ ਜੋਗੀ ਮਦਦ ਕੀਤੀ ਗਈ ਹੈ ਤੇ ਬਾਕੀ ਕੰਮ ਸਮਾਜ ਸੇਵੀ ਸੰਸਥਾਵਾਂ ਦੇ ਜ਼ਿਮੇ ਛੱਡ ਦਿੱਤਾ ਗਿਆ। ਸਮਾਜੀ ਸੇਵੀਆਂ ਦੇ ਵੀ ਸਾਰੇ ਗਰੁੱਪ ਨਿਰ-ਸੁਆਰਥ ਸੇਵਾ ਕਰਨ ਵਾਲੇ ਨਹੀਂ, ਕਈਆਂ ਨੇ ਇਸ ਦੌਰਾਨ ਸੇਵਾ ਕੀਤੀ ਅਤੇ ਕਈ ਹੋਰ ਇਸ ਦੌਰ ਵਿੱਚੋਂ ਵੀ ਕਮਾਈਆਂ ਕਰਦੇ ਰਹੇ ਹਨ। ਇਹ ਸਭ ਸਰਕਾਰੀ ਮਸ਼ੀਨਰੀ ਦੀ ਮਿਲੀਭੁਗਤ ਨਾਲ ਹੁੰਦਾ ਹੈ ਤੇ ਜਿਨ੍ਹਾਂ ਦੀ ਜ਼ਿਮੇਵਾਰੀ ਇਹ ਭ੍ਰਿਸ਼ਟਾਚਾਰ ਰੋਕਣ ਦੀ ਹੈ, ਉਹ ਇਸ ਦੌਰ ਵਿੱਚ ਵੀ ਸਿਰੇ ਦੀਆਂ ਬਦਨਾਮ ਸੰਸਥਾਵਾਂ ਦੇ ਰਾਹਤ ਵੰਡਣ ਦੇ ਖੇਖਣ ਕਰਦੇ ਸਮਾਗਮਾਂ ਵਿੱਚ ਜਾਂਦੇ ਅਤੇ ਫੋਟੋ ਖਿਚਵਾਉਂਦੇ ਰਹੇ ਹਨ। ਇਨ੍ਹਾਂ ਵਿੱਚ ਕਿਸੇ ਇੱਕ ਪਾਰਟੀ ਜਾਂ ਰਾਜਨੀਤੀ ਦੇ ਆਗੂ ਨਹੀਂ, ਲਗਭਗ ਹਰ ਉਸ ਪਾਰਟੀ ਦੇ ਲੀਡਰ ਇਹੋ ਕਰਦੇ ਰਹੇ ਹਨ, ਜਿਹੜੀ ਰਾਜ ਕਰਦੀ ਹੈ, ਕਰ ਚੁੱਕੀ ਹੈ ਜਾਂ ਉਸ ਦੀ ਅੱਖ ਕਿਸੇ ਰਾਜ ਵਿੱਚ ਅਗਲੀ ਵਾਰ ਦੀਆਂ ਚੋਣਾਂ ਉੱਤੇ ਹੈ। ਲੋਕ ਸਭ ਜਾਣਦੇ ਹੋਏ ਵੀ ਚੁੱਪ ਰਹਿੰਦੇ ਹਨ।

ਅੱਜ ਜਦੋਂ ਇਹ ਦੇਸ਼ ਆਜ਼ਾਦ ਹੋਂਦ ਦੇ ਤੇਹੱਤਰ ਸਾਲ ਗੁਜ਼ਾਰ ਚੁੱਕਾ ਹੈ, ਸਿਰਫ ਭਾਸ਼ਣਾਂ ਵਿੱਚ ਉਨ੍ਹਾਂ ਸੰਗਰਾਮੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਫਾਂਸੀ ਦੇ ਰੱਸੇ ਚੁੰਮੇ ਅਤੇ ਜੇਲ੍ਹਾਂ ਵਿੱਚ ਜ਼ਿੰਦਗੀਆਂ ਗਾਲ਼ੀਆਂ ਸਨ, ਇਸ ਤੋਂ ਬਗੈਰ ਉਨ੍ਹਾਂ ਦਾ ਚੇਤਾ ਨਹੀਂ ਕੀਤਾ ਜਾਂਦਾ। ਦੇਸ਼ ਦੇ ਲੋਕਾਂ ਦਾ ਧਿਆਨ ਇਨ੍ਹਾਂ ਹਕੀਕਤਾਂ ਵੱਲ ਜਾਣੋਂ ਰੋਕਣ ਲਈ ਕਿਧਰੇ ਮੰਦਰ-ਮਸਜਿਦ ਦਾ ਰੌਲਾ ਪਵਾ ਦਿੱਤਾ ਜਾਂਦਾ ਤੇ ਕਦੇ ਕਿਤੇ ਹਿੰਦੂ-ਸਿੱਖ ਦਾ ਮੁੱਦਾ ਬਣਾਇਆ ਜਾਂਦਾ ਹੈ। ਜਿਹੜੇ ਦੇਸ਼ ਵਿੱਚ ਲੋਕ ਏਦਾਂ ਦੇ ਮੁੱਦੇ ਉੱਤੇ ਰੁੱਝੇ ਰੱਖੇ ਜਾ ਸਕਦੇ ਹਨ, ਉਸ ਦੇਸ਼ ਵਿੱਚ ਕੁਝ ਕਰਨ ਦੀ ਲੋੜ ਸਰਕਾਰਾਂ ਨੂੰ ਨਹੀਂ। ਇਹੋ ਕਾਰਨ ਹੈ ਕਿ ਲੋਕਾਂ ਦੀ ਸੂਝ ਦਾ ਪੱਧਰ ਉੱਚਾ ਨਹੀਂ ਚੁੱਕਿਆ ਜਾਂਦਾ। ਉਨ੍ਹਾਂ ਨੂੰ ਕੰਪਿਊਟਰ ਅਤੇ ਹਰ ਕਿਸਮ ਦੀ ਉਹ ਹੀ ਤਕਨੀਕ ਸਿਖਾਈ ਜਾਂਦੀ ਹੈ, ਜਿਹੜੀ ਇਸ ਵੇਲੇ ਦੁਨੀਆ ਭਰ ਵਿੱਚ ਛਾ ਚੁੱਕੀ ਹੈ ਤੇ ਜਿਸ ਤਕਨੀਕ ਦੇ ਨਾਲ ਜੁੜਿਆ ਮਾਲ ਵੇਚਣ ਲਈ ਲੋਕਾਂ ਕੋਲ ਓਨਾ ਕੁ ਗਿਆਨ ਹੋਣਾ ਜ਼ਰੂਰੀ ਹੈ, ਪਰ ਜਿਹੜੀ ਸੂਝ ਨਿੱਤ ਦਿਨ ਹੁੰਦੇ ਧੋਖੇ ਸਮਝਣ ਜੋਗੇ ਕਰ ਸਕਦੀ ਹੋਵੇ, ਉਹ ਨਹੀਂ ਦਿੱਤੀ ਜਾਂਦੀ। ਜਦੋਂ ਤੱਕ ਭਾਰਤ ਦੇ ਲੋਕਾਂ ਨੂੰ ਓਦਾਂ ਦੀ ਸਮਾਜੀ ਸੂਝ ਨਹੀਂ ਮਿਲ ਜਾਂਦੀ, ਭਾਰਤ ਦੇ ਲੋਕ ਓਦੋਂ ਤੀਕਰ ਨਿਗੂਣੀਆਂ ਗੱਲਾਂ ਉੱਤੇ ਭੜਕਦੇ ਤੇ ਇੱਕ ਦੂਸਰੇ ਨੂੰ ਮਾਰਦੇ-ਮਰਦੇ ਰਹਿਣਗੇ, ਪਰ ਪੇਟ ਦੀ ਅੱਗ ਬੁਝਾਉਣ ਦੇ ਉਸ ਵੱਡੇ ਮੁੱਦੇ ਬਾਰੇ ਕਦੀ ਨਹੀਂ ਸੋਚਣਗੇ, ਜਿਸ ਬਾਰੇ ਬਾਬਿਆਂ ਨੇ ਕਿਹਾ ਸੀ ਕਿ 'ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ'। ਭੁੱਖੇ ਢਿੱਡਾਂ ਨੂੰ ਜਸ਼ਨਾਂ ਦੇ ਢੋਲ-ਢਮੱਕੇ ਨਹੀਂ, ਰੋਟੀ ਦੀ ਉਡੀਕ ਹੁੰਦੀ ਹੈ।

# ਸੁਸ਼ਾਂਤ-ਰਿਆ ਦਾ ਮਾਮਲਾ ਕਾਨੂੰਨ ਦੇ ਗਲ਼ੇ ਦੀ ਹੱਡੀ ਬਣ ਗਿਆ



-ਵਿਰਾਗ ਗੁਪਤਾ-

ਸੁਸ਼ਾਂਤ ਸਿੰਘ ਰਾਜਪੂਤ ਦੀ ਖ਼ੁਦਕੁਸ਼ੀ ਜਾਂ ਹੱਤਿਆ ਦਾ ਕੇਸ ਸਨਸਨੀ ਖੇਜ਼ ਹੋ ਕੇ ਇੰਨਾ ਵੱਡਾ ਬਣਾ ਦਿੱਤਾ ਗਿਆ ਕਿ ਉਸ ਦੇ ਅੱਗੇ ਕੋਰੋਨਾ ਸੰਕਟ ਵੀ ਛੋਟਾ ਦਿਸਣ ਲੱਗਾ ਹੈ। ਇਸ ਕੇਸ 'ਚ ਬਿਹਾਰ ਅਤੇ ਮਹਾਰਸ਼ਟਰ ਸਰਕਾਰ ਵਿਚਕਾਰ ਤਲਵਾਰਾਂ ਖਿੱਚਣ ਤੋਂ ਬਾਅਦ ਕੇਂਦਰ ਦੀ ਸੀ ਬੀ ਆਈ ਅਤੇ ਈ ਡੀ ਮੈਦਾਨ 'ਚ ਕੁੱਦ ਪਈ ਹੈ। ਬਿਹਾਰ ਵਿਚਲੀ ਜ਼ਿਲ੍ਹਾ ਅਦਾਲਤ, ਬੰਬੇ ਹਾਈ ਕੋਰਟ ਅਤੇ ਸੁਪਰੀਮ ਕੋਰਟ 'ਚ ਵੀ ਉੱਤੇ ਵੱਖ-ਵੱਖ ਢੰਗ ਨਾਲ ਸੁਣਵਾਈ ਚੱਲਦੀ ਹੈ। ਸੁਣਵਾਈ ਤੋਂ ਬਾਅਦ ਕੋਰਟ ਦਾ ਕੋਈ ਵੀ ਫੈਸਲਾ ਆਵੇ ਪਰ ਇਸ ਮਾਮਲੇ ਦੀਆਂ ਉਲਝਣਾ ਘੱਟ ਹੁੰਦੀਆਂ ਨਹੀਂ ਦਿਸ ਰਹੀਆਂ।

ਸੰਵਿਧਾਨ ਦੀ 7ਵੀਂ ਅਨੁਸੂਚੀ ਹੇਠ ਕਾਨੂੰਨ-ਵਿਵਸਥਾ ਅਤੇ ਪੁਲਸ ਦੇ ਕੇਸ ਸੂਬਾ ਸਰਕਾਰਾਂ ਅਧੀਨ ਰਹਿੰਦੇ ਹਨ। ਕੇਂਦਰ ਸਰਕਾਰ ਵੱਲੋਂ ਬਣਾਏ ਵਿਸ਼ੇਸ਼ ਕਾਨੂੰਨ ਤਹਿਤ ਸੀ ਬੀ ਆਈ ਨੂੰ ਵੀ ਪੁਲਸ ਜਾਂਚ ਦੇ ਸਾਰੇ ਅਧਿਕਾਰ ਮਿਲੇ ਹੋਏ ਹਨ। ਪ੍ਰੰਪਰਾ ਅਨੁਸਾਰ ਸੂਬਾ ਸਰਕਾਰ ਦੀ ਸਿਫਾਰਿਸ਼ ਜਾਂ ਅਦਾਲਤ ਦੇ ਹੁਕਮ ਤੋਂ ਬਾਅਦ ਹੀ ਰਾਜਾਂ ਦੀ ਪੁਲਸ ਨਾਲ ਜੁੜੇ ਕੇਸਾਂ ਨੂੰ ਸੀ ਬੀ ਆਈ ਹਵਾਲੇ ਕੀਤਾ ਜਾ ਸਕਦਾ ਹੈ, ਪਰ ਇਸ ਮਾਮਲੇ 'ਚ ਅਜੀਬ ਸਥਿਤੀ ਬਣ ਗਈ ਹੈ। ਖੁਦਕੁਸ਼ੀ ਜਾਂ ਉਸ ਨਾਲ ਜੁੜੇ ਅਪਰਾਧ ਮਹਾਰਾਸ਼ਟਰ 'ਚ ਹੋਏ ਹਨ, ਜਿੱਥੇ ਮੁੰਬਈ ਪੁਲਸ ਜਾਂ ਮਹਾਰਾਸ਼ਟਰ ਦੀ ਸਰਕਾਰ ਦਾ ਅਧਿਕਾਰ ਖੇਤਰ ਹੈ। ਮੁੰਬਈ ਪੁਲਸ ਇਸ ਮਾਮਲੇ 'ਚ ਕੇਸ ਦਰਜ ਕਰਨ ਦੀ ਬਜਾਏ ਸੀ ਆਰ ਪੀ ਸੀ ਦੀ ਧਾਰਾ 174 ਹੇਠ ਪਿਛਲੇ ਕਈ ਦਿਨਾਂ ਤੋਂ ਜਾਂਚ ਕਰ ਰਹੀ ਹੈ। ਅਜਿਹੀ ਜਾਂਚ ਜਲਦੀ ਖਤਮ ਕਰ ਕੇ ਉਸਦੀ ਰਿਪੋਰਟ ਸਥਾਨਕ ਐਸ ਡੀ ਐਮ ਜਾਂ ਮੈਜਿਸਟ੍ਰੇਟ ਨੂੰ ਸੌਂਪ ਦਿੱਤੀ ਜਾਂਦੀ ਹੈ। ਇਸ ਦੇ ਉਲਟ ਮੁੰਬਈ ਪੁਲਸ 40 ਵਿਅਕਤੀਆਂ ਕੋਲੋਂ ਪੁੱਛ-ਗਿੱਛ ਦੇ ਬਾਵਜੂਦ ਕਿਸੇ ਨਤੀਜੇ 'ਤੇ ਨਹੀਂ ਪਹੁੰਚੀ। ਸੁਸ਼ਾਂਤ ਦੇ ਪਿਤਾ ਦੀ ਸ਼ਿਕਾਇਤ ਤੇ ਦੇਸ਼ ਪੱਧਰੀ ਰੌਲੇ-ਗੌਲੇ ਦੇ ਬਾਵਜੂਦ ਮੁੰਬਈ ਪੁਲਸ ਵੱਲੋਂ ਕੇਸ ਦਰਜ ਨਾ ਕਰਨ ਨਾਲ ਮਹਾਰਾਸ਼ਟਰ ਪੁਲਸ ਅਤੇ ਸਰਕਾਰ ਦੋਵੇਂ ਸ਼ੱਕ ਦੇ ਘੇਰੇ 'ਚ ਆ ਗਏ। ਮੁੰਬਈ ਪੁਲਸ ਦੀ ਜਾਂਚ ਵਿੱਚ ਅਨੇਕ ਖਾਮੀਆਂ ਹਨ। ਇਸਦੇ ਬਾਵਜੂਦ ਕਾਨੂੰਨ ਅਨੁਸਾਰ ਮੁੰਬਈ 'ਚ ਹੋਏ ਅਪਰਾਧ ਲਈ ਬਿਹਾਰ ਪੁਲਸ ਨੂੰ ਐਫ ਆਈ ਆਰ ਦਰਜ ਕਰਕੇ ਜਾਂਚ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਕਾਨੂੰਨ ਨੂੰ ਜੇ ਕਾਇਦੇ ਨਾਲ ਲਾਗੂ ਕੀਤਾ ਜਾਵੇ ਤਾਂ ਸੁਸ਼ਾਂਤ ਦੇ ਪਿਤਾ ਦੀ ਸ਼ਿਕਾਇਤ ਤੋਂ ਬਾਅਦ ਜ਼ੀਰੋ ਐਫ ਆਈ ਆਰ ਬਿਹਾਰ ਵਿੱਚ ਦਰਜ ਕਰਕੇ ਉਸਨੂੰ ਕਾਰਵਾਈ ਲਈ ਮੁੰਬਈ ਪੁਲਸ ਨੂੰ ਭੇਜਿਆ ਜਾਣਾ ਚਾਹੀਦਾ ਸੀ। ਇਸ ਦੀ ਥਾਂ ਕਾਹਲੀ ਵਿੱਚ ਕੇਸ ਨੂੰ ਸੀ ਬੀ ਆਈ ਹਵਾਲੇ ਕਰਨ ਨਾਲ ਬਿਹਾਰ ਸਰਕਾਰ ਦਾ ਸਿਆਸੀ ਇਰਾਦਾ ਕਟਹਿਰੇ 'ਚ ਆ ਜਾਂਦਾ ਹੈ। ਬਿਹਾਰ ਪੁਲਸ ਦੇ ਅਧਿਕਾਰੀਆਂ ਨੇ ਬਰਾਬਰ ਜਾਂਚ ਸ਼ੁਰੂ ਕਰ ਦਿੱਤੀ ਅਤੇ ਬੰਬੇ ਨਗਰ ਨਿਗਮ ਨੇ ਬਿਹਾਰ ਦੇ ਇੱਕ ਆਈ ਪੀ ਐਸ ਅਧਿਕਾਰੀ ਨੂੰ ਕੁਆਰੰਟਾਈਨ ਭੇਜ ਦਿੱਤਾ, ਉਸ ਨਾਲ ਇਹ ਕੇਸ ਸਿਆਸਤ ਦੇ ਮੈਦਾਨ ਦਾ ਫੁੱਟਬਾਲ ਬਣ ਗਿਆ। ਦੋਵਾਂ ਰਾਜਾਂ ਦੇ ਪੁਲਸ ਅਧਿਕਾਰੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਖਿੱਚੋਤਾਣ ਨਾਲ ਪੁਲਸ ਦੇ ਅਕਸ 'ਚ ਗਿਰਾਵਟ ਆਈ ਹੈ, ਜੋ ਸਮਾਜ, ਦੇਸ਼ ਅਤੇ ਸੰਵਿਧਾਨ ਸਾਰਿਆਂ ਲਈ ਸ਼ੁੱਭ ਨਹੀਂ ਹੈ।

ਸੁਸ਼ਾਂਤ ਸਿੰਘ ਤੋਂ ਪਹਿਲਾਂ ਉਸਦੀ ਮੈਨੇਜਰ ਦਿਸ਼ਾ ਸਾਲਿਆਨ ਦੀ ਸ਼ੱਕੀ ਹਾਲਾਤ 'ਚ ਮੌਤ ਨੂੰ ਖ਼ੁਦਕੁਸ਼ੀ ਦੱਸ ਕੇ ਕੇਸ ਰਫਾ-ਦਫਾ ਕਰ ਦਿੱਤਾ ਗਿਆ ਸੀ। ਸੁਸ਼ਾਂਤ ਤੋਂ ਬਾਅਦ ਟੀ ਵੀ ਕਲਾਕਾਰ ਸਮੀਰ ਸ਼ਰਮਾ, ਭੋਜਪੁਰੀ ਅਭਿਨੇਤਰੀ ਅਨੁਪਮਾ ਪਾਠਕ ਸਮੇਤ ਕਈ ਫਿਲਮੀ ਸਿਤਾਰਿਆਂ ਨੇ ਖ਼ੁਦਕੁਸੀ ਕੀਤੀ ਹੈ। ਕਾਲੇ ਧਨ, ਅਪਰਾਧ ਅਤੇ ਸਿਆਸਤ ਨਾਲ ਫਿਲਮੀ ਸਿਤਾਰਿਆਂ ਦਾ ਨਾਪਾਕ ਰਿਸ਼ਤਾ ਹਾਜੀ ਮਸਤਾਨ ਦੇ ਦਿਨਾਂ ਤੋਂ ਰਿਹਾ ਹੈ। ਫਿਲਮ ਇੰਡਸਟਰੀ ਤੋਂ ਵੱਧ ਵੰਸ਼ਵਾਦ ਤਾਂ ਸਿਆਸਤ ਅਤੇ ਨਿਆਂ ਪਾਲਿਕਾ 'ਚ ਹੈ, ਜੋ ਸਰਕਾਰੀ ਪੈਸੇ ਦੇ ਜ਼ੋਰ 'ਤੇ ਚੱਲਦੇ ਹਨ। ਬਿਹਤਰ ਹੈ ਕਿ ਬਾਲੀਵੁੱਡ ਅਤੇ ਅਪਰਾਧ ਦੇ ਨਾਪਾਕ ਰਿਸ਼ਤੇ ਦੀ ਸੀ ਬੀ ਆਈ ਅਤੇ ਈ ਡੀ ਵੱਲੋਂ ਜਾਂਚ ਹੋਵੇ, ਜਿਸ ਨਾਲ ਸਮਾਜ ਅਤੇ ਦੇਸ਼ ਦਾ ਜ਼ਿਆਦਾ ਭਲਾ ਹੋਵੇਗਾ।

ਬਿਹਾਰ 'ਚ ਪਿਛਲੇ ਸੱਤ ਸਾਲਾਂ ਤੋਂ ਸੀ ਬੀ ਆਈ ਵੱਲੋਂ ਨਵਰੂਣਾ ਕਾਂਡ ਦੀ ਜਾਂਚ ਕੀਤੀ ਚੱਲ ਰਹੀ ਹੈ ਅਤੇ ਇਸ ਦੌਰਾਨ ਸੀ ਬੀ ਆਈ ਦੇ ਛੇ ਡਾਇਰੈਕਟਰ ਬਦਲ ਗਏ। ਇਸ ਕੇਸ 'ਚ ਜਾਂਚ ਦੀ ਮਿਆਦ ਵਧਾਉਣ ਲਈ ਸੀ ਬੀ ਆਈ ਨੇ ਸੁਪਰੀਮ ਕੋਰਟ ਤੋਂ 10 ਵਾਰ ਮੋਹਲਤ ਮੰਗੀ, ਪਰ ਲਾਪਤਾ ਲੜਕੀ ਦਾ ਅਜੇ ਤੱਕ ਸੁਰਾਗ ਨਹੀਂ ਮਿਲਿਆ। ਸਿਵਾਨ ਦੇ ਪੱਤਰਕਾਰ ਰਾਜਦੇਵ ਰੰਜਨ ਦੀ ਹੱਤਿਆ ਦੇ ਦੂਸਰੇ ਕੇਸ 'ਚ ਸੀ ਬੀ ਆਈ ਚਾਰ ਸਾਲਾਂ ਤੋਂ ਕੋਈ ਸੁਰਾਗ ਨਹੀਂ ਲਾ ਸਕੀ। ਬਿਹਾਰ 'ਚ ਕਈ 100 ਕਰੋੜ ਦੇ ਸਿਰਜਣ ਘਪਲੇ 'ਚ ਮੁੱਖ ਦੋਸ਼ੀਆਂ ਦਾ ਅਜੇ ਤੱਕ ਕੁਝ ਪਤਾ ਨਹੀਂ ਲੱਗਾ। ਮਹਾਰਾਸ਼ਟਰ 'ਚ ਪਾਲਘਰ ਕੇਸ ਦੀ ਸੀ ਬੀ ਆਈ ਕੋਲੋਂ ਜਾਂਚ ਦੀ ਮੰਗ ਦਾ ਕੇਸ ਵੀ ਸੁਪਰੀਮ ਕੋਰਟ 'ਚ ਪੈਂਡਿੰਗ ਹੈ। ਇਸ ਪਿਛੋਕੜ 'ਚ ਸੁਸ਼ਾਂਤ ਕੇਸ ਦੀ ਸੀ ਬੀ ਆਈ ਕੋਲੋਂ ਜਾਂਚ ਨਾਲ ਹੈਰਾਨੀ ਜਨਕ ਨਤੀਜੇ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਰਾਜਾਂ ਨਾਲ ਜੁੜੇ ਅਜਿਹੇ ਮਾਮਲਿਆਂ 'ਚ ਸਿਆਸਤਦਾਨਾਂ ਵੱਲੋਂ ਸੀ ਬੀ ਆਈ ਜਾਂਚ 'ਤੇ ਜ਼ਿਆਦਾ ਜ਼ੋਰ ਦਿੱਤੇ ਜਾਣ ਨਾਲ ਆਮ ਜਨਤਾ ਦਾ ਪੁਲਸ 'ਤੇ ਭਰੋਸਾ ਹੋਰ ਵੀ ਘੱਟ ਹੋ ਜਾਂਦਾ ਹੈ।

ਇਸ ਪੂਰੇ ਕੇਸ 'ਚ ਸੋਸ਼ਲ ਮੀਡੀਆ ਰਾਹੀਂ ਜਿਵੇਂ ਰਿਆ ਚੱਕਰਵਰਤੀ ਅਤੇ ਦਿਸ਼ਾ ਸਾਲਿਆਨ ਦੇ ਚਰਿੱਤਰ ਉੱਤੇ ਉਂਗਲੀ ਉਠਾਈ ਜਾ ਰਹੀ ਹੈ, ਉਸ ਨਾਲ ਖਤਰਨਾਕ ਮਿਸਾਲ ਬਣਦੀ ਹੈ। ਦਿਸ਼ਾ ਦੇ ਪਿਤਾ ਨੇ ਅਫਵਾਹਾਂ ਤੋਂ ਤੰਗ ਆ ਕੇ ਮੁੰਬਈ ਪੁਲਸ ਕੋਲ ਸ਼ਿਕਾਇਤ ਕੀਤੀ ਹੈ। ਸੀ ਬੀ ਆਈ ਜਾਂਚ ਅਤੇ ਅਦਾਲਤ ਦੇ ਫੈਸਲੇ ਤੋਂ ਪਹਿਲਾਂ ਹੀ ਰਿਆ ਜਾਂ ਦਿਸ਼ਾ ਦਾ ਮੀਡੀਆ ਟਰਾਇਲ ਅਤੇ ਚਰਿੱਤਰ ਹਨ ਕਾਨੂੰਨ ਗਲਤ ਹੈ, ਜਿਸ 'ਤੇ ਸੁਪਰੀਮ ਕੋਰਟ ਨੂੰ ਸਖ਼ਤ ਹੁਕਮ ਪਾਸ ਕਰਨਾ ਚਾਹੀਦਾ ਹੈ। ਰਿਆ ਚੱਕਰਵਤੀ ਨੇ ਸੁਪਰੀਮ ਕੋਰਟ 'ਚ ਆਪਣੇ ਐਫੀਡੇਵਿਟ ਵਿੱਚ ਖ਼ਦ ਨੂੰ ਸੁਸ਼ਾਂਤ ਸਿੰਘ ਰਾਜਪੂਤ ਦੀ ਲਿਵ-ਇਨ ਪਾਰਟਨਰ ਦੱਸਿਆ ਹੈ। ਭਾਰਤੀ ਕਾਨੂੰਨ 'ਚ ਲਿਵ-ਇਨ ਰਿਲੇਸ਼ਨਸ਼ਿਪ ਨੂੰ ਅਜੇ ਤੱਕ ਰਸਮੀ ਮਾਨਤਾ ਨਹੀਂ ਮਿਲੀ, ਪਰ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਕਈ ਫੈਸਲਿਆਂ ਹੇਠ ਲਿਵ-ਇਨ 'ਚ ਰਹਿੰਦੀ ਮਹਿਲਾ ਪਾਰਟਨਰ ਤੇ ਉਸਦੇ ਬੱਚਿਆਂ ਨੂੰ ਅਨੇਕ ਅਧਿਕਾਰ ਹਾਸਲ ਹੋ ਜਾਂਦੇ ਹਨ। ਬਾਲੀਵੁੱਡ 'ਚ ਕਲਿਕ ਸਮੇਤ ਅਨੇਕ ਹੀਰੋਇਨਾਂ ਲਿਵ-ਇਨ ਰਿਲੇਸ਼ਨਸ਼ਿਪ 'ਚ ਮਾਂ ਬਣੀਆਂ ਹਨ। ਇਨ੍ਹਾਂ ਹਾਲਾਤ 'ਚ ਸੁਸ਼ਾਂਤ ਸਿੰਘ ਰਾਜਪੂਤ ਦੇ ਪੈਸਿਆਂ 'ਤੇ ਉਸ ਦੇ ਪਿਤਾ ਜਾਂ ਭੈਣ ਨਾਲੋਂ ਵੱਧ ਰਿਆ ਦਾ ਕਾਨੂੰਨੀ ਹੱਕ ਬਣਦਾ ਹੈ। ਅਜਿਹੇ ਨਿੱਜੀ ਮਾਮਲਿਆਂ 'ਚ ਪੀ ਐਮ ਐਲ ਏ ਕਾਨੂੰਨ ਤਹਿਤ ਈ ਡੀ ਦੀ ਜਾਂਚ ਦੀ ਕੋਈ ਤੁੱਕ ਨਹੀਂ ਬਣਦੀ। ਜੇ ਜਾਂਚ ਹੋ ਵੀ ਗਈ ਤਾਂ ਉਸ ਤੋਂ ਬਾਅਦ ਸੁਸ਼ਾਂਤ ਦੀ ਲਿਵ-ਇਨ ਪਾਰਟਨਰ ਯਾਨੀ ਪਤਨੀ ਰਿਆ ਉਪਰ ਸਾਈਫਨਿੰਗ ਜਾਂ ਮਨੀ ਲਾਂਡਰਿੰਗ ਦਾ ਅਪਰਾਧ ਕਿਵੇਂ ਸਾਬਤ ਹੋ ਸਕੇਗਾ? ਸੁਸ਼ਾਂਤ ਦੇ ਪਿਤਾ ਤੇ ਉਨ੍ਹਾਂ ਦੇ ਆਈ ਪੀ ਐਸ ਜੀਜੇ ਨੇ ਫਰਵਰੀ 'ਚ ਮੁੰਬਈ ਪੁਲਸ ਦੇ ਡੀ ਐਸ ਪੀ ਨੂੰ ਸੁਸ਼ਾਂਤ ਦੀ ਜਾਨ ਖ਼ਤਰੇ ਬਾਰੇ ਰਸਮੀ ਤੌਰ 'ਤੇ ਸ਼ਿਕਾਇਤ ਕੀਤੀ ਸੀ। ਇਥੇ ਵੱਡਾ ਸਵਾਲ ਇਹ ਹੈ ਕਿ ਉਨ੍ਹਾਂ ਖਤਰਿਆਂ ਦੇ ਬਾਵਜੂਦ ਸੁਸ਼ਾਂਤ ਦੇ ਪਰਵਾਰਕ ਮੈਂਬਰਾਂ ਨੇ ਬਿਹਾਰ ਦੇ ਲਾਲ ਦੀ ਸੁਰੱਖਿਆ ਲਈ ਚਾਰ ਮਹੀਨਿਆਂ ਤੱਕ ਜ਼ਰੂਰੀ ਕਦਮ ਕਿਉਂ ਨਹੀਂ ਚੁੱਕੇ? ਸੁਸ਼ਾਂਤ ਦੇ ਮਨੋਰੋਗ ਅਤੇ ਉਸਦੇ ਡਾਕਟਰੀ ਇਲਾਜ 'ਤੇ ਵੀ ਸਵਾਲ ਉਠ ਰਹੇ ਹਨ। ਖ਼ੁਦਕੁਸ਼ੀ ਦੀ ਘਟਨਾ ਦੇ ਦੋ ਮਹੀਨਿਆਂ ਬਾਅਦ ਵਧੇਰੇ ਸਬੂਤ ਖ਼ਤਮ ਹੋ ਜਾਣਗੇ। ਫਿਰ ਡਾਕਟਰਾਂ ਦੀ ਮਨਸ਼ਾ ਜਾਂ ਅਪਰਾਧਿਕਤਾ ਨੂੰ ਕਿਸ ਕਾਨੂੰਨ ਤਹਿਤ ਸਾਬਤ ਕੀਤਾ ਜਾ ਸਕਦਾ ਹੈ।

ਨਿੱਜੀ ਖ਼ੁਦਕੁਸ਼ੀ ਅਤੇ ਅਪਰਾਧ ਦੇ ਕੇਸਾਂ 'ਚ ਪੀ ਆਈ ਐਸ ਦੀ ਦੁਰਵਰਤੋਂ ਨਾਲ ਨਿਆਂ ਵਿਵਸਥਾ ਵੀ ਵਿਵਾਦਾਂ ਦੇ ਘੇਰੇ ਵਿੱਚ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਸੀ ਬੀ ਆਈ ਜਾਂਚ ਲਈ ਪੀ ਆਈ ਐਲ ਨੂੰ ਡਿਸਮਿਸ ਕਰ ਦਿੱਤਾ ਸੀ, ਪਰ ਇਸ ਮਾਮਲੇ 'ਚ ਬੰਬੇ ਹਾਈ ਕੋਰਟ 'ਚ ਬਰਾਬਰ ਸੁਣਵਾਈ ਹੋ ਰਹੀ ਹੈ। ਬਿਹਾਰ ਦੇ ਇੱਕ ਵਕੀਲ ਨੇ ਸੀ ਜੇ ਐਮ ਦੀ ਅਦਾਲਤ 'ਚ ਸਲਮਾਨ ਖਾਨ, ਕਰਣ ਜੌਹਰ, ਏਕਤਾ ਕਪੂਰ, ਸੰਜੇ ਲੀਲਾ ਭੰਸਾਲੀ ਸਮੇਤ ਅੱਠ ਵਿਅਕਤੀਆਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਵਾਇਆ ਹੈ।

ਬਿਹਾਰ ਸਰਕਾਰ ਦੀ ਸਿਫਾਰਿਸ਼ 'ਤੇ ਕੇਂਦਰ ਸਰਕਾਰ ਵੱਲੋਂ ਸੀ ਬੀ ਆਈ ਜਾਂਚ 'ਤੇ ਜੇ ਸੁਪਰੀਮ ਕੋਰਟ ਦੀ ਮੋਹਰ ਲੱਗ ਵੀ ਗਈ ਤਾਂ ਅਗਲੇ ਸਮੇਂ 'ਚ ਮੁੰਬਈ ਪੁਲਸ ਇਸ ਕੇਸ ਦੀ ਬਰਾਬਰ ਜਾਂਚ ਜਾਰੀ ਰੱਖ ਕੇ ਅੜਿੱਕਾ ਪਾ ਸਕਦੀ ਹੈ। ਵਿਰੋਧੀ ਧਿਰ ਵਾਲੇ ਅਨੇਕ ਰਾਜਾਂ ਨੇ ਸੀ ਬੀ ਆਈ ਦੇ ਅਧਿਕਾਰ ਖੇਤਰ ਖਤਮ ਕਰਨ ਲਈ ਪਿਛਲੇ ਕੁਝ ਸਾਲਾਂ 'ਚ ਹੁਕਮ ਜਾਰੀ ਕੀਤੇ ਹਨ। ਇਸ ਕੇਸ 'ਚ ਵੀ ਜੇ ਮਹਾਰਾਸ਼ਟਰ ਸਰਕਾਰ ਸੀ ਬੀ ਆਈ ਦੀ ਟੀਮ ਨੂੰ ਪੂਰਾ ਸਹਿਯੋਗ ਨਾ ਕਰੇ ਤਾਂ ਫਿਰ ਮਾਮਲੇ 'ਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਿਵੇਂ ਹੋਵੇਗਾ? ਸੁਸ਼ਾਂਤ ਦਾ ਮਾਮਲਾ ਬਿਹਾਰ ਅਤੇ ਮਹਾਰਾਸ਼ਟਰ ਦੀ ਸਿਆਸਤ ਨਾਲ ਜੁੜਿਆ ਹੈ ਜਾਂ ਫਿਰ ਉਸ ਜਾਂਚ ਨਾਲ ਬਾਲੀਵੁੱਡ ਦੀ ਗੰਦਗੀ ਸਾਫ ਹੋਵੇਗੀ? ਸੁਪਰੀਮ ਕੋਰਟ ਦੀ ਮੋਹਰ ਤੋਂ ਬਾਅਦ ਸੀ ਬੀ ਆਈ ਦੀ ਸ਼ੁਰੂਆਤੀ ਜਾਂਚ ਨਾਲ ਇਨ੍ਹਾਂ ਸਵਾਲਾਂ ਦਾ ਜਵਾਬ ਸਾਹਮਣੇ ਆ ਜਾਵੇਗਾ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

ਚੀਨ ਦੇ ਹਵਾਲਾ ਰੈਕੇਟ ਦਾ ਖੁਲਾਸਾ :

# ਦਲਾਈ ਲਾਮਾ ਦੀ ਜਾਸੂਸੀ ਲਈ ਕੁਝ ਲਾਮਿਆਂ ਨੂੰ ਰਿਸ਼ਵਤ ਦਿੱਤੀ ਗਈ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਮਨੀ ਲਾਂਡਰਿੰਗ ਦਾ ਚੀਨੀ ਰੈਕੇਟ ਫੜੇ ਜਾਣ ਪਿੱਛੋਂ ਚੀਨ ਦੀ ਇੱਕ ਹੋਰ ਚਾਲ ਦਾ ਖੁਲਾਸਾ ਹੋਇਆ ਹੈ। ਪਤਾ ਲੱਗਾ ਹੈ ਕਿ ਚੀਨ ਦਲਾਈ ਲਾਮਾ ਦੇ ਬਾਰੇ ਰਿਸ਼ਵਤਖੋਰੀ ਦਾ ਸਹਾਰਾ ਲੈ ਕੇ ਜਾਸੂਸੀ ਕਰਾ ਰਿਹਾ ਹੈ। ਭਾਰਤ ਵਿੱਚ ਰਹਿ ਕੇ ਹਵਾਲਾ ਰੈਕੇਟ ਚਲਾ ਰਿਹਾ ਚਾਰਲੀ ਪੇਂਗ ਇੱਕ ਜਾਸੂਸੀ ਨੈਟਵਰਕ ਦਾ ਵੀ ਹਿੱਸਾ ਸੀ। ਉਸ ਨੇ ਕੁਝ ਚੀਨੀ ਨਾਗਰਿਕਾਂ ਨਾਲ ਮਿਲ ਕੇ ਚੀਨੀ ਸ਼ੈਲ ਕੰਪਨੀਆਂ ਦੇ ਨਾਂਅ ਤੋਂ ਬੈਂਕ ਖਾਤੇ ਖੋਲ੍ਹੇ ਅਤੇ ਤਕਰੀਬਨ 1000 ਕਰੋੜ ਰੁਪਏ ਦੀ ਮਨੀ ਲਾਂਡਰਿੰਗ ਕੀਤੀ।




ਇਨਕਮ ਟੈਕਸ ਵਿਭਾਗ ਤੋਂ ਲੈ ਕੇ ਕਈ ਏਜੰਸੀਆਂ ਦੇ ਅਧਿਕਾਰੀ ਇਸ ਵੇਲੇ ਚਾਰਲੀ ਪੇਂਗ ਤੋਂ ਪੁੱਛਗਿੱਛ ਕਰ ਰਹੇ ਹਨ। ਪੁੱਛਗਿੱਛ ਵਿੱਚ ਪੇਂਗ ਨੇ ਮੰਨਿਆ ਹੈ ਕਿ ਚੀਨੀ ਖੁਫੀਆ ਏਜੰਸੀਆਂ ਨੇ ਉਸ ਦੇ ਰਾਹੀ ਦਿੱਲੀ ਵਿੱਚ ਜ਼ਲਾਵਤਨੀ ਵਿੱਚ ਰਹਿ ਤਿੱਬਤੀਆਂ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਚੀਨੀ ਏਜੰਸੀਆਂ ਦੇ ਨਿਸ਼ਾਨੇ 'ਤੇ ਮਜਨੂੰ ਕਾ ਟੀਲਾ ਵਿੱਚ ਰਹਿਣ ਵਾਲੇ ਲਾਮਾ ਅਤੇ ਭਿਖਸ਼ੂ ਸਨ। ਪੇਂਗ ਨੇ ਸਿੱਧੇ ਪੈਸਾ ਨਹੀਂ ਦਿੱਤਾ, ਪਰ ਆਪਣੇ ਦਫਤਰੀ ਸਟਾਫ ਦੇ ਜ਼ਰੀਏ ਰਕਮ ਭਿਜਵਾਉਂਦਾ ਰਿਹਾ। ਜਿਨ੍ਹਾਂ ਲੋਕਾਂ ਨੂੰ ਪੈਸੇ ਦਿੱਤੇ ਗਏ, ਉਨ੍ਹਾਂ ਦੀ ਪਛਾਣ ਅਜੇ ਨਹੀਂ ਹੋ ਸਕੀ। ਪੇਂਗ ਦਾ ਦਾਅਵਾ ਹੈ ਕਿ ਉਸ ਦੇ ਸਟਾਫ ਨੇ ਜਿਨ੍ਹਾਂ ਪੈਕੇਟਾਂ ਵਿੱਚ ਪੈਸੇ ਦਿੱਤੇ, ਉਨ੍ਹਾਂ ਵਿੱਚ ਦੋ ਤੋਂ ਤਿੰਨ ਲੱਖ ਰੁਪਏ ਸਨ। ਸਾਲ 2014 ਦੇ ਬਾਅਦ ਤੋਂ ਪੇਂਗ ਨੇ ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਦਲਾਈ ਲਾਮਾ ਦੀ ਟੀਮ ਵਿੱਚ ਵੀ ਘੁਸਪੈਠ ਦੀ ਕੋਸ਼ਿਸ਼ ਕੀਤੀ। ਇਨਕਮ ਟੈਕਸ ਵਿਭਾਗ ਨੇ ਪਿਛਲੇ ਹਫਤੇ ਦਿੱਲੀ-ਐੱਨ ਸੀ ਆਰ ਵਿੱਚ ਕਈ ਥਾਈਂ ਛਾਪੇਮਾਰੀ ਕੀਤੀ ਸੀ। ਉਸ ਦੇ ਮੁਤਾਬਕ ਪੇਂਗ ਅਤੇ ਹੋਰ ਚੀਨੀ ਨਾਗਰਿਕਾਂ ਨੇ ਚੀਨੀ ਸ਼ੈਲ ਕੰਪਨੀਆਂ ਤੋਂ ਐਡਵਾਂਸ ਵਿੱਚ 100 ਕਰੋੜ ਰੁਪਏ ਲੈ ਕੇ ਭਾਰਤ ਦੇ ਰਿਟੇਲ ਮਾਰਕੀਟ ਵਿੱਚ ਘੁਸਪੈਠ ਕਰਨ ਦਾ ਦੋਸ਼ ਹੈ। ਪੇਂਗ ਨੇ ਪਹਿਲੀ ਵਾਰ ਦਿੱਲੀ ਪੁਲਸ ਨੇ 2018 ਵਿੱਚ ਗ੍ਰਿਫਤਾਰ ਕੀਤਾ ਸੀ। ਸਾਲ ਬਾਅਦ ਉਸ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ।

ਓਧਰ ਹੈਦਰਾਬਾਦ ਪੁਲਸ ਨੇ ਇੱਕ ਆਨਲਾਈਨ ਗੈਂਬਲਿੰਗ ਰੈਕੇਟ ਫੜਿਆ ਹੈ। ਇਸ ਵਿੱਚ ਇੱਕ ਚੀਨੀ ਨਾਗਰਿਕ ਸਮੇਤ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਫੜੇ ਗਏ ਨੀਰਜ ਤੁਲੀ ਨੇ ਮੰਨਿਆ ਕਿ ਉਹ ਇੱਕ ਆਮ ਦੁਕਾਨਦਾਰ ਸੀ ਜਿਸ ਦੀ ਦਿੱਲੀ ਦੇ ਕਰੋਲ ਬਾਗ ਵਿੱਚ ਛੋਟੀ ਜਿਹੀ ਦੁਕਾਨ ਹੈ। ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਪਤਾ ਨਹੀਂ ਸੀ ਕਿ ਉਸ ਦੇ ਨਾਂਅ ਦਾ ਇਸਤੇਮਾਲ ਚੀਨੀ ਕੰਪਨੀ ਚਲਾਉਣ ਵਿੱਚ ਹੋ ਰਿਹਾ ਸੀ ਜਿਸ ਦੇ ਜ਼ਰੀਏ 1000 ਕਰੋੜ ਤੋਂ ਵੱਧ ਦਾ ਗਬਨ ਹੋਇਆ। ਤੁਲੀ ਨੇ ਆਪਣੇ ਚਾਰਟਰਡ ਅਕਾਊਂਟੈਂਟ ਗੁਆਂਢੀ ਪੀ ਹੇਮੰਤ ਦਾ ਨਾਂਅ ਲਿਆ ਅਤੇ ਕਿਹਾ ਕਿ ਉਸ ਨੇ ਕੁਝ ਦਸਤਾਵੇਜ਼ਾਂ 'ਤੇ ਹਸਤਾਖਰ ਕਰਵਾਏ। ਹੁਣ ਹੇਮੰਤ ਦੀ ਤਲਾਸ਼ ਕੀਤੀ ਜਾ ਰਹੀ ਹੈ।

ਹੈਦਰਾਬਾਦ ਪੁਲਸ ਵੱਲੋਂ ਫੜੇ ਗਏ ਨੀਰਜ ਤੁਲੀ ਦੇ ਨਾਂਅ 'ਤੇ ਕਈ ਦਸਤਾਵੇਜ਼ ਮਿਲੇ ਹਨ ਜਿਨ੍ਹਾਂ ਵਿੱਚ ਉਸ ਨੂੰ ਬੀਜਿੰਗ ਟੀ ਪਾਵਰ ਦੇ ਤਹਿਤ ਚੱਲਦੀਆਂ ਕਈ ਫਰਮਾਂ ਵਿੱਚ ਡਾਇਰੈਕਟਰ ਦਿਖਾਇਆ ਗਿਆ ਹੈ। 2019 ਤੋਂ 2020 ਦਰਮਿਆਨ ਭਾਰਤ ਵਿੱਚ ਅਜਿਹੀਆਂ ਅੱਠ ਫਰਮਾਂ ਦਾ ਰਜਿਸਟਰੇਸ਼ਨ ਹੋਇਆ। ਇਹ ਕੰਪਨੀਆਂ ਸਿਰਫ ਰੈਫਰੈਂਸੇਜ ਦੇ ਜ਼ਰੀਏ ਆਨਲਾਈਨ ਗੈਂਬਲਿੰਗ ਚਲਾ ਰਹੀਆਂ ਸਨ। ਪੇਮੈਂਟ ਅਲੱਗ-ਅਲੱਗ ਈ-ਪੇਮੈਂਟ ਗੇਟਵੇਜ ਦੇ ਜ਼ਰੀਏ ਲਈ ਜਾਂਦੀ ਸੀ। ਬਾਕੀ ਦੋ ਡਾਇਰੈਕਟਰ-ਧੀਰਜ ਸਰਕਾਰ ਅਤੇ ਅੰਕਿਤ ਕਪੂਰ ਨੂੰ ਪੂਰੇ ਫਰਾਡ ਦਾ ਆਈਡੀਆ ਸੀ।

# ਫੇਸਬੁਕ ਦੇ ਮੁੱਦੇ ਤੋਂ ਕਾਂਗਰਸ ਤੇ ਭਾਜਪਾ ਆਹਮੋ-ਸਾਹਮਣੇ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਪਿਛਲੇ ਕੁਝ ਮਹੀਨਿਆਂ ਤੋਂ ਸਰਕਾਰ 'ਤੇ ਹਮਲਾਵਰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਫੇਸਬੁਕ ਦੇ ਸਹਾਰੇ ਨਿਸ਼ਾਨਾ ਲਾਇਆ ਹੈ।



ਅਮਰੀਕੀ ਮੀਡੀਆ ਵਿੱਚ ਫੇਸਬੁਕ ਬਾਰੇ ਛਪੇ ਇੱਕ ਆਰਟੀਕਲ ਨਾਲ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਅਤੇ ਭਾਜਪਾ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਹੈ। ਵਾਲ ਸਟਰੀਟ ਜਨਰਲ ਵਿੱਚ ਛਪੇ ਆਰਟੀਕਲ ਨੂੰ ਟਵੀਟ ਕਰ ਕੇ ਰਾਹੁਲ ਗਾਂਧੀ ਨੇ ਕਿਹਾ ਕਿ ਭਾਜਪਾ ਅਤੇ ਆਰ ਐੱਸ ਐੱਸ ਭਾਰਤ ਵਿੱਚ ਫੇਸਬੁਕ ਅਤੇ ਵਟਸਐਪ 'ਤੇ ਕੰਟਰੋਲ ਕਰਦੇ ਹਨ ਅਤੇ ਇਸ ਦੇ ਸਹਾਰੇ ਝੂਠੀਆਂ ਖਬਰਾਂ ਅਤੇ ਨਫਰਤ ਫੈਲਾਅ ਕੇ ਵੋਟਰਾਂ ਨੂੰ ਭਰਮਾਉਂਦੇ ਹਨ।

ਭਾਜਪਾ ਵੱਲੋਂ ਇਸ 'ਤੇ ਪ੍ਰਤੀਕਿਰਿਆ ਦੇਂਦਿਆਂ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ, ਹਾਰੇ ਹੋਏ ਜਿਹੜੇ ਲੋਕ ਖੁਦ ਆਪਣੀ ਪਾਰਟੀ ਵਿੱਚ ਲੋਕਾਂ ਨੂੰ ਪ੍ਰਭਾਵਤ ਕਰਦੇ ਰਹਿੰਦੇ ਹਨ ਕਿ ਪੂਰੀ ਦੁਨੀਆ ਭਾਜਪਾ ਤੇ ਆਰ ਐੱਸ ਐੱਸ ਨੇ ਕੰਟਰੋਲ ਹੇਠਾਂ ਕੀਤੀ ਹੋਈ ਹੈ। ਭਾਜਪਾ ਵੱਲੋਂ ਰਾਹੁਲ ਦੇ ਦੋਸ਼ਾਂ ਨੂੰ ਹਾਸੋਹੀਣਾ ਦੱਸਦੇ ਹੋਏ ਸੋਸ਼ਲ ਮੀਡੀਆ ਦੇ ਇੰਚਾਰਜ ਅਮਿਤ ਮਾਲਵੀਆ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਠੀਕ ਚੋਣਾਂ ਤੋਂ ਪਹਿਲਾਂ ਭਾਜਪਾ ਸਮਰਥਕਾਂ ਦੇ ਸੈਂਕੜੇ ਪੰਨਿਆਂ ਨੂੰ ਫੇਸਬੁਕ ਨੇ ਬੰਦ ਕਰ ਦਿੱਤਾ ਸੀ। ਅਸਲ ਵਿੱਚ ਵਾਲ ਸਟਰੀਟ ਜਨਰਲ ਦੇ ਆਰਟੀਕਲ ਵਿੱਚ ਫੇਸਬੁਕ 'ਤੇ ਦੋਸ਼ ਲਾਇਆ ਗਿਆ ਹੈ ਕਿ ਉਹ ਭਾਰਤ ਵਿੱਚ ਸੱਤਾਧਾਰੀ ਦਲ ਭਾਜਪਾ ਨੇਤਾਵਾਂ ਪ੍ਰਤੀ ਨਰਮ ਹੈ ਅਤੇ ਉਨ੍ਹਾਂ ਦੀ 'ਹੇਟ ਸਪੀਚ' ਨੂੰ ਸਜ਼ਾ ਨਹੀਂ ਦੇਂਦਾ। ਸੋਸ਼ਲ ਮੀਡੀਆ ਰਾਹੀਂ ਹਰ ਰੋਜ਼ ਸਰਕਾਰ 'ਤੇ ਨਿਸ਼ਾਨਾ ਲਾਉਣ ਵਾਲੇ ਰਾਹੁਲ ਨੇ ਇਸ ਨੂੰ ਫੜ ਲਿਆ ਅਤੇ ਇਸ ਨੂੰ ਇੱਕ ਸਬੂਤ ਦੇ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਭਾਜਪਾ ਨੇਤਾ ਰਵੀ ਸ਼ੰਕਰ ਪ੍ਰਸਾਦ ਨੇ ਰਾਹੁਲ ਗਾਂਧੀ ਨੂੰ ਕਿਹਾ ਕਿ ਤੁਸੀਂ ਕੈਂਬਰਿਜ ਐਨਾਲਿਟਿਕਾ ਅਤੇ ਫੇਸਬੁਕ ਦੇ ਅੰਕੜਿਆਂ ਦੇ ਸਹਾਰੇ ਚੋਣ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਵਿੱਚ ਰੰਗੇ ਹੱਥੀਂ ਫੜੇ ਜਾ ਚੁੱਕੇ ਹੋ ਅਤੇ ਸਾਡੇ 'ਤੇ ਤੋਹਮਤ ਲਾਉਣ ਦੀ ਹਿੰਮਤ ਦਿਖਾ ਰਹੇ ਹਨ। ਕਾਂਗਰਸ ਪਾਰਲੀਮੈਂਟ ਮੈਂਬਰ ਸ਼ਸ਼ੀ ਥਰੂਰ ਵੀ ਰਾਹੁਲ ਦੇ ਨਾਲ ਖੜ੍ਹੇ ਹੋਏ ਤੇ ਸੂਚਨਾ ਤਕਨੀਕ ਦੀ ਪਾਰਲੀਮੈਂਟਰੀ ਕਮੇਟੀ ਦੇ ਮੁਖੀ ਵਜੋਂ ਚਿਤਾਵਨੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਕਮੇਟੀ ਫੇਸਬੁਕ ਨੂੰ ਬੁਲਾ ਕੇ ਇਸ ਰਿਪੋਰਟ 'ਤੇ ਸਥਿਤੀ ਜਾਣਨਾ ਚਾਹੇਗੀ। ਉਨ੍ਹਾਂ ਯਾਦ ਦੁਆਇਆ ਕਿ ਫੇਸਬੁਕ ਨੂੰ ਪਹਿਲਾਂ ਵੀ ਪਾਰਲੀਮੈਂਟਰੀ ਕਮੇਟੀ ਬੁਲਾ ਚੁੱਕੀ ਹੈ। ਅਜਿਹੇ ਵਿੱਚ ਇਹ ਮੰਨ ਕੇ ਚੱਲਣਾ ਚਾਹੀਦਾ ਕਿ ਕਾਂਗਰਸ ਅਮਰੀਕੀ ਜਨਰਲ ਨੂੰ ਹਥਿਆਰ ਬਣਾ ਕੇ ਲੰਬੀ ਲੜਾਈ ਛੇੜਨ ਦੇ ਰੌਂਅ ਵਿੱਚ ਹੈ।

## ਹੋਮ ਕਵਾਰੰਟਾਈਨ ਦੇ ਬਾਵਜੂਦ ਆਰ ਐੱਮ ਪੀ ਡਾਕਟਰ ਮਰੀਜ਼ਾਂ ਦਾ ਇਲਾਜ ਕਰਦਾ ਰਿਹਾ

ਮਲੋਟ, 17 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੇ ਆਦਰਸ਼ ਨਗਰ ਵਿੱਚ ਕੋਰੋਨਾ ਪੀੜਤਾਂ ਦੇ ਸੰਪਰਕ ਵਿੱਚ ਆਰ ਐੱਮ ਪੀ ਡਾਕਟਰ ਅਸ਼ੋਕ ਕਮਾਰ ਨੂੰ 12 ਅਗਸਤ ਤੋਂ 25 ਅਗਸਤ ਤੱਕ ਕਵਾਰੰਟਾਈਨ ਕੀਤਾ ਗਿਆ ਸੀ। ਇਸ ਦੌਰਾਨ ਵੀ ਉਹ ਆਪਣੇ ਕਲੀਨਿਕ ਵਿੱਚ ਮਰੀਜ਼ਾਂ ਦਾ ਚੈਕਅਪ ਕਰਦਾ ਰਿਹਾ। ਕਵਾਰੰਟਾਈਨ ਪੀਰੀਅਡ ਵਿੱਚ ਉਸ ਦਾ ਮਰੀਜ਼ਾਂ ਦਾ ਚੈਅਕਪ ਕਰਨ ਦਾ ਵੀਡੀਓ ਸਾਹਮਣੇ ਆਇਆ ਹੈ।

ਇਸ ਬਾਰੇ ਪੁੱਛਣ 'ਤੇ ਕਿ ਉਹ ਏਦਾਂ ਕਿਉਂ ਕਰ ਰਿਹਾ ਹੈ, ਡਾਕਟਰ ਨੇ ਜਵਾਬ ਦਿੱਤਾ ਕਿ ਐਮਰਜੈਂਸੀ ਮਰੀਜ਼ ਸੀ, ਇਸ ਲਈ ਉਹ ਇਸ ਨੂੰ ਚੈੱਕ ਕਰਨ ਆਇਆ ਹੈ। ਉਥੇ ਬੈਠੇ ਲੋਕਾਂ ਨੂੰ ਉਸ ਨੇ ਮਰੀਜ਼ ਦੇ ਪਰਵਾਰ ਵਾਲੇ ਦੱਸਿਆ ਸੀ। ਐੱਸ ਡੀ ਐੱਮ ਮਲੋਟ ਗੋਪਾਲ ਸਿੰਘ ਨੇ ਡਿਊਟੀ ਮੈਜਿਸਟਰੇਟ ਅਤੇ ਬੀ ਐੱਲ ਓ ਨੂੰ ਇਸ ਬਾਰੇ ਕਾਰਵਾਈ ਕਰਨ ਨੂੰ ਕਿਹਾ ਅਤੇ ਇਨ੍ਹਾਂ ਨੇ ਆਰ ਐੱਮ ਪੀ ਦਾ ਪੱਖ ਲੈਂਦੇ ਹੋਏ ਆਰ ਐਮ ਪੀ ਦੀ ਰਿਹਾਇਸ਼ ਦੇ ਗੇਟ ਅੱਗੇ ਖੜੋ ਬੰਦ ਕਲੀਨਿਕ ਦਾ ਫੋਟੋ ਖਿੱਚ ਕੇ ਰਿਪੋਰਟ ਭੇਜ ਦਿੱਤੀ, ਜਿਸ ਵਿੱਚ ਸਭ ਠੀਕ-ਠਾਕ ਦੱਸਿਆ ਸੀ। ਜਦ ਡਿਪਟੀ ਕਮਿਸ਼ਨਰ ਨੂੰ ਵੀਡੀਓ ਭੇਜਿਆ ਗਿਆ ਤਾਂ ਉਨ੍ਹਾਂ ਨੇ ਪੁਲਸ ਨੂੰ ਤੁਰੰਤ ਕਾਰਵਾਈ ਦੇ ਹੁਕਮ ਦੇ ਦਿੱਤੇ ਅਤੇ ਬੀ ਐੱਲ ਓ ਅਤੇ ਡਿਊਟੀ ਅਧਿਕਾਰੀ ਦੀ ਭੂਮਿਕਾ ਦੀ ਵੀ ਜਾਂਚ ਦੇ ਹੁਕਮ ਦਿੱਤੇ ਗਏ ਹਨ।

ਓਧਰ ਲੁਧਿਆਣਾ ਵਿੱਚ ਦੋ ਚੋਰਾਂ ਨੂੰ ਆਈਸੋਲੇਸ਼ਨ ਵਾਰਡ ਵਿੱਚ ਭਰਤੀ ਕਰਾਉਣ ਗਏ ਪੁਲਸ ਵਾਲਿਆਂ ਨੂੰ ਇੱਕ ਚੋਰ ਕੁੱਟ ਕੇ ਫਰਾਰ ਹੋ ਗਿਆ। ਪੁਲਸ ਨੇ ਕੱਲ੍ਹ ਸਵੇਰੇ ਉਸ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ੀ ਦੀ ਪਛਾਣ ਗਗਨਦੀਪ ਦੇ ਰੂਪ ਵਿੱਚ ਹੋਈ ਹੈ। ਗਗਨਦੀਪ ਅਤੇ ਸ਼ੰਕਰ ਨੂੰ ਘੁਮਾਰ ਮੰਡੀ ਵਿੱਚ ਬਣੇ ਆਈਸੋਲੇਸ਼ਨ ਵਾਰਡ ਵਿੱਚ ਭਰਤੀ ਕਰਾਉਣ ਕਾਂਸਟੇਬਲ ਅੰਮ੍ਰਿਤਪਾਲ ਅਤੇ ਬੂਟਾ ਸਿੰਘ ਗਏ ਸਨ, ਜਿੱਥੇ ਅੰਮ੍ਰਿਤਪਾਲ ਫਾਰਮ ਜਮ੍ਹਾ ਕਰਾਉਣ ਲਈ ਲਾਈਨ ਵਿੱਚ ਖੜ੍ਹਾ ਸੀ ਤਾਂ ਦੋਸ਼ੀ ਗਗਨ ਨੇ ਬੂਟਾ ਸਿੰਘ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਉਸ ਦੀ ਵਰਦੀ ਪਾੜ ਕੇ ਸਕੂਲ ਦੀ ਕੰਧ ਟੱਪ ਕੇ ਫਰਾਰ ਹੋ ਗਿਆ। ਰੌਲਾ ਸੁਣ ਕੇ ਅੰਮ੍ਰਿਤਪਾਲ ਵੀ ਆ ਗਿਆ, ਜਿਸ ਪਿੱਛੋਂ ਬੂਟਾ ਸਿੰਘ ਨੇ ਉਸ ਦਾ ਪਿੱਛਾ ਕੀਤਾ, ਪਰ ਉਹ ਫਰਾਰ ਹੋ ਗਿਆ। ਦੋਸ਼ੀ ਸਵੇਰੇ ਪੀ ਏ ਯੂ ਦੀ ਕੰਧ ਦੇ ਨੇੜੇ ਸੁਤਾ ਹੋਇਆ ਮਿਲਿਆ।

ਬਿਹਾਰ 'ਚ ਰਾਜਨੀਤਕ ਗਰਮੀ

## ਨਿਤੀਸ਼ ਨੇ ਮੰਤਰੀ ਸ਼ਿਆਮ ਰਜਕ ਨੂੰ ਪਾਰਟੀ ਵਿੱਚੋਂ ਕੱਢਿਆ, ਆਰ ਜੇ ਡੀ ਨੇ ਤਿੰਨ ਵਿਧਾਇਕ ਕੱਢੇ

ਪਟਨਾ, 17 ਅਗਸਤ (ਪੋਸਟ ਬਿਊਰੋ)- ਬਿਹਾਰ 'ਚ ਵਿਧਾਨ ਸਭਾ ਚੋਣ ਤੋਂ ਪਹਿਲਾਂ ਸਿਆਸੀ ਗਰਮੀ ਵਧਣ ਲੱਗੀ ਹੈ। ਕੱਲ੍ਹ ਬਿਹਾਰ ਦੇ ਉਦਯੋਗ ਮੰਤਰੀ ਸ਼ਿਆਮ ਰਜਕ ਆਪਣੇ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਸਨ, ਪਰ ਇਸ ਤੋਂ ਪਹਿਲਾਂ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਜਨਤਾ ਦਲ (ਯੂ) ਪਾਰਟੀ ਨੇ ਰਜਕ ਨੂੰ ਪਾਰਟੀ ਤੋਂ ਹੀ ਕੱਢ ਦਿੱਤਾ। ਇਸ ਤੋਂ ਇਲਾਵਾ ਸ਼ਿਆਮ ਰਜਕ ਨੂੰ ਮੰਤਰੀ ਮੰਡਲ ਤੋਂ ਵੀ ਹਟਾ ਦਿੱਤਾ ਗਿਆ ਹੈ।



ਪਤਾ ਲੱਗਾ ਹੈ ਕਿ ਸ਼ਿਆਮ ਰਜਕ ਵਿਰੋਧੀ ਧਿਰ ਦੀ ਮੁੱਖ ਪਾਰਟੀ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਵਿੱਚ ਜਾਣ ਵਾਲੇ ਸਨ। ਕਾਫ਼ੀ ਪਹਿਲਾਂ ਤੋਂ ਸ਼ਿਆਮ ਰਜਕ ਦੇ ਆਰ ਜੇ ਡੀ ਵਿੱਚ ਜਾਣ ਦੇ ਅੰਦਾਜੇ ਲਾਏ ਜਾ ਰਹੇ ਹਨ। ਇਸ ਤੋਂ ਦੂਜੇ ਪਾਸੇ ਆਰ ਜੇ ਡੀ ਨੇ ਆਪਣੇ ਤਿੰਨ ਵਿਧਾਇਕਾਂ ਪ੍ਰੇਮਾਂ ਚੌਧਰੀ, ਮਹੇਸ਼ਵਰ ਯਾਦਵ ਅਤੇ ਫਰਾਜ ਫਾਤਮੀ ਨੂੰ ਪਾਰਟੀ ਤੋਂ ਕੱਢ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰ ਆਲੋਕ ਮਹਿਤਾ ਨੇ ਕਿਹਾ ਕਿ ਤਿੰਨੇ ਵਿਧਾਇਕ ਪਾਰਟੀ ਲਾਈਨ ਦੇ ਖ਼ਿਲਾਫ਼ ਕੰਮ ਕਰ ਰਹੇ ਸਨ। ਇਹ ਤਿੰਨੇ ਵਿਧਾਇਕ ਆਰ ਜੇ ਡੀ ਦੇ ਪ੍ਰੋਗਰਾਮਾਂ ਦਾ ਵਿਰੋਧ ਕਰਦੇ ਸਨ। ਮਹੇਸ਼ਵਰ ਯਾਦਵ ਤਾਂ ਕਈ ਵਾਰ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਮੰਚ 'ਤੇ ਵੀ ਦੇਖੇ ਜਾ ਚੁੱਕੇ ਹਨ।

## ਸਾਬਕਾ ਰਾਸ਼ਟਰਪਤੀ ਦੀ ਦੂਸਰੀ ਪਤਨੀ ਦੇ ਪਰਵਾਰ ਨੇ ਪਹਿਲੀ ਦੇ ਪਰਿਵਾਰ ਦੀ ਕੁੱਟਮਾਰ ਕੀਤੀ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਸਾਬਕਾ ਰਾਸ਼ਟਰਪਤੀ ਡਾਕਟਰ ਸ਼ੰਕਰ ਦਿਆਲ ਸ਼ਰਮਾ ਦੀ ਪਤਨੀ ਵਿਮਲਾ ਸ਼ਰਮਾ ਦਾ ਦੇਹਾਂਤ ਹੋਣ ਤੋਂ ਬਾਅਦ ਕੱਲ੍ਹ ਦਿੱਲੀ ਵਿੱਚ ਅੰਤਿਮ ਸਸਕਾਰ ਕਰ ਦਿੱਤਾ ਗਿਆ।



ਵਰਨਣ ਯੋਗ ਹੈ ਕਿ ਵਿਮਲਾ ਸ਼ਰਮਾ ਦਾ 15 ਅਗਸਤ ਨੂੰ ਮੇਦਾਂਤਾ ਹਸਪਤਾਲ ਵਿੱਚ ਦਿਹਾਂਤ ਹੋ ਗਿਆ ਸੀ। ਇਸ ਦੇ ਬਾਅਦ ਸਫਦਰਜੰਗ ਰੋਡ ਵਾਲੀ ਰਿਹਾਇਸ਼ 'ਤੇ ਅੰਤਿਮ ਦਰਸ਼ਨਾਂ ਦੇ ਦੌਰਾਨ ਪਰਵਾਰ ਵਿੱਚ ਹੰਗਾਮਾ ਖੜ੍ਹਾ ਹੋ ਗਿਆ। ਸਾਬਕਾ ਰਾਸ਼ਟਰਪਤੀ ਦੀ ਦੋਹਤੀ ਅਵੰਤਿਕਾ ਮਾਕਨ ਤੰਵਰ ਨੇ ਥਾਣੇ ਸ਼ਿਕਾਇਤ ਦਿੱਤੀ ਹੈ ਕਿ ਮਾਮਾ ਆਸ਼ੂਤੋਸ਼ ਦਿਆਲ ਸ਼ਰਮਾ, ਮਾਮੀ ਰਤੀ ਸ਼ਰਮਾ ਅਤੇ ਬੇਟੀ ਤਾਨਿਆ ਸ਼ਰਮਾ ਨੇ ਪਰਵਾਰ ਦੇ ਨਾਲ ਕੁੱਟਮਾਰ ਕੀਤੀ। ਉਨ੍ਹਾਂ ਦੇ ਪਤੀ ਡਾਕਟਰ ਅਸ਼ੋਕ ਤੰਵਰ ਦੇ ਨਾਲ ਸੁਚਿਤ ਸ਼ਰਮਾ ਨੇ ਹੱਥੋਪਾਈ ਕੀਤੀ ਅਤੇ ਕਮਰੇ ਵਿੱਚ ਬੰਦ ਕਰ ਦਿੱਤਾ। ਡਾਕਟਰ ਸ਼ੰਕਰ ਦਿਆਲ ਸ਼ਰਮਾ ਨੇ ਦੋ ਵਿਆਹ ਕੀਤੇ ਸਨ। ਪਹਿਲੀ ਪਤਨੀ ਸਵਿੱਤਰੀ ਦੇਵੀ ਦੇ ਦਿਹਾਂਤ ਦੇ ਬਾਅਦ ਉਨ੍ਹਾਂ ਨੇ ਵਿਮਲਾ ਦੇਵੀ ਨਾਲ ਵਿਆਹ ਕੀਤਾ ਸੀ। ਵਿਮਲਾ ਸ਼ਰਮਾ ਦੀ ਬੇਟੀ ਗੀਤਾਂਜਲੀ ਦਾ ਵਿਆਹ ਕਾਂਗਰਸੀ ਨੇਤਾ ਲਲਿਤ ਮਾਕਨ ਨਾਲ ਹੋਇਆ ਸੀ। ਮਾਕਨ ਜੋੜੇ ਦਾ ਅੱਤਵਾਦੀਆਂ ਨੇ ਕਤਲ ਕਰ ਦਿੱਤਾ ਸੀ। ਇਸ ਦੇ ਬਾਅਦ ਅਵੰਤਿਕਾ ਨੂੰ ਵਿਮਲਾ ਦੇਵੀ ਨੇ ਹੀ ਪਾਲਿਆ। ਅਵੰਤਿਕਾ ਦੇ ਪਤੀ ਡਾਕਟਰ ਅਸ਼ੋਕ ਤੰਵਰ ਹਰਿਆਣਾ ਕਾਂਗਰਸ ਦੇ ਪ੍ਰਧਾਨ ਰਹੇ ਹਨ। ਅਵੰਤਿਕਾ ਨੇ ਕਿਹਾ ਕਿ ਜਦ ਨਾਨੀ ਦਾ ਦਿਹਾਂਤ ਹੋਇਆ ਤਾਂ ਉਹ ਪਤੀ ਦੇ ਨਾਲ ਉਥੇ ਸੀ। ਨਾ ਉਨ੍ਹਾਂ ਦੇ ਮਾਮਾ ਸਨ, ਨਾ ਉਨ੍ਹਾਂ ਦੇ ਪਰਵਾਰ ਦਾ ਕੋਈ ਮੈਂਬਰ। ਪਤੀ ਦੇ ਨਾਲ ਕੁੱਟਮਾਰ ਵੀ ਕੀਤੀ ਗਈ। ਉਨ੍ਹਾਂ ਦਾ ਮੈਡੀਕਲ ਕਰਾਇਆ ਗਿਆ ਹੈ।

## ਯੂ ਪੀ ਦੇ ਲਖੀਮਪੁਰ ਖੀਰੀ ਵਿਚ ਨਬਾਲਿਗਾ ਦੀ ਗੈਂਗਰੇਪ ਤੋਂ ਬਾਅਦ ਹੱਤਿਆ

ਲਖੀਮਪੁਰ, 17 ਅਗਸਤ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਖੇਤ 'ਚ ਟਾਇਲੇਟ ਵਾਸਤੇ ਗਈ 13 ਸਾਲ ਦੀ ਬੱਚੀ ਦੀ ਗੈਂਗਰੇਪ ਤੋਂ ਬਾਅਦ ਹਤਿਆ ਕਰ ਦਿੱਤੀ ਗਈ ਹੈ। ਦਰਿੰਦਿਆਂ ਨੇ ਬੱਚੀ ਨੂੰ ਮਾਰਨ ਪਿੱਛੋਂ ਉਸ ਦੀਆਂ ਅੱਖਾਂ ਫੋਹ ਦਿੱਤੀਆਂ, ਉਸ ਦੀ ਜੀਭ ਕੱਟ ਦਿੱਤੀ ਅਤੇ ਉਸ ਦੇ ਗਲੇ 'ਚ ਫਾਹਾ ਪਾ ਕੇ ਉਸ ਨੂੰ ਖੇਤਾਂ 'ਚ ਘਸੀਟਿਆ ਵੀ ਸੀ, ਜਿਸ ਬਾਰੇ ਪੁਲਸ ਨੇ ਕੇਸ ਦਰਜ ਕਰ ਲਿਆ ਹੈ।



ਪਰਵਾਰ ਵਾਲਿਆਂ ਨੇ ਕਾਫ਼ੀ ਦੇਰ ਤੱਕ ਘਰ ਨਾ ਪੁੱਜਣ 'ਤੇ ਬੱਚੀ ਦੀ ਤਲਾਸ਼ ਸ਼ੁਰੂ ਕੀਤੀ ਤਾਂ ਬਾਅਦ 'ਚ ਪੁਲਸ ਨੂੰ ਵੀ ਬੱਚੀ ਦੇ ਗਾਇਬ ਹੋਣ ਦੀ ਖ਼ਬਰ ਦਿੱਤੀ। ਫਿਰ ਗੰਨੇ ਦੇ ਇੱਕ ਖੇਤ ਤੋਂ ਬੱਚੀ ਦੀ ਲਾਸ਼ ਮਿਲੀ। ਪੁਲਸ ਨੇ ਘਟਨਾ ਵਾਲੇ ਥਾਂ ਤੋਂ ਲਾਸ਼ ਨੂੰ ਕਬਜ਼ੇ 'ਚ ਲਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ। ਪਰਵਾਰ ਨੇ ਪਿੰਡ ਦੇ ਹੀ ਰਹਿਣ ਵਾਲੇ ਸੰਤੋਸ਼ ਯਾਦਵ ਅਤੇ ਸੰਜੇ ਗੌਤਮ ਉਤੇ ਬੱਚੀ ਦੇ ਨਾਲ ਰੇਪ ਅਤੇ ਹੱਤਿਆ ਦਾ ਦੋਸ਼ ਲਾਇਆ ਹੈ। 15 ਅਗਸਤ ਨੂੰ ਪੋਸਟਮਾਰਟਮ ਦੀ ਰਿਪੋਰਟ 'ਚ ਬੱਚੀ ਨਾਲ ਗੈਂਗਰੇਪ ਦੀ ਪੁਸ਼ਟੀ ਹੋਈ ਹੈ। ਇਸ ਤੋਂ ਬਾਅਦ ਪੁਲਸ ਨੇ ਦੋਵਾਂ ਦੋਸ਼ੀਆਂ ਖ਼ਿਲਾਫ਼ ਹੱਤਿਆ ਅਤੇ ਗੈਂਗਰੇਪ ਦਾ ਮੁਕੱਦਮਾ ਦਰਜ ਕਰ ਗ੍ਰਿਫ਼ਤਾਰ ਕਰ ਲਿਆ ਅਤੇ ਐਨ ਐਸ ਏ ਹੇਠ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸੁੱਚਾ ਸਿੰਘ ਲੰਗਾਹ ਕੇਸ

## ਜਥੇਦਾਰ ਅਕਾਲ ਤਖਤ ਨੇ ਸਰਚਾਂਦ ਸਿੰਘ ਨੂੰ 22 ਅਗਸਤ ਤੱਕ ਸਪਸ਼ਟੀਕਰਨ ਦੇਣ ਨੂੰ ਕਿਹਾ

ਅੰਮ੍ਰਿਤਸਰ, 17 ਅਗਸਤ (ਪੋਸਟ ਬਿਊਰੋ)- ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਬਕਾ ਆਗੂ ਅਤੇ ਦਮਦਮੀ ਟਕਸਾਲ ਦੇ ਬੁਲਾਰੇ ਸਰਚਾਂਦ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 22 ਅਗਸਤ ਤੱਕ ਸਪਸ਼ਟੀਕਰਨ ਦੇਣ ਲਈ ਕਿਹਾ ਹੈ। ਇੱਕ ਅਸ਼ਲੀਲ ਵੀਡੀਓ ਕਾਰਨ ਸਿੱਖ ਪੰਥ ਵਿੱਚੋਂ ਛੇਕੇ ਸੁੱਚਾ ਸਿੰਘ ਲੰਗਾਹ ਨੂੰ ਦੋਬਾਰਾ ਅੰਮ੍ਰਿਤ ਛਕਾਉਣ ਦੇ ਕੇਸ ਵਿੱਚ ਉਸ ਨੂੰ 22 ਅਗਸਤ ਤੱਕ ਸਪਸ਼ਟੀਕਰਨ ਦੇਣ ਨੂੰ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਉੱਤੇ ਇਸ ਮਾਮਲੇ ਵਿੱਚ ਸੰਗਤਾਂ ਦੀਆਂ ਸ਼ਿਕਾਇਤਾ ਆ ਰਹੀਆਂ ਸਨ, ਜਿਸ ਤੋਂ ਬਾਅਦ ਜਥੇਦਾਰ ਅਕਾਲ ਤਖਤ ਨੇ ਇਸ ਦੀ ਪੜਤਾਲ ਲਈ ਇੱਕ ਸਬ ਕਮੇਟੀ ਬਣਾਈ ਸੀ। ਇਸ ਸਬ ਕਮੇਟੀ ਦੀ ਰਿਪੋਰਟ ਤੋਂ ਬਾਅਦ ਸਰਚਾਂਦ ਸਿੰਘ ਨੂੰ 22 ਅਗਸਤ ਤੱਕ ਸਪਸ਼ਟੀਕਰਨ ਦੇਣ ਵਾਸਤੇ ਕਿਹਾ ਗਿਆ ਹੈ। ਜਥੇਦਾਰ ਸਾਹਿਬ ਦੇ ਨਿਜੀ ਸਹਾਇਕ ਜਸਪਾਲ ਸਿੰਘ ਢੱਡੇ ਵੱਲੋਂ ਜਾਰੀ ਪੱਤਰ ਵਿੱਚ ਸਰਚਾਂਦ ਸਿੰਘ ਨੂੰ ਲਿਖਿਆ ਹੈ ਕਿ ਜੇ ਉਸ ਦਾ ਸਪਸ਼ਟੀਕਰਨ ਤਸੱਲੀ ਬਖ਼ਸ਼ ਨਾ ਹੋਇਆ ਤਾਂ ਉਸ ਵਿਰੁਧ ਪੰਥਕ ਰਹੁਰੀਤਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਇਸ ਪੱਤਰ ਮੁਤਾਬਕ ਸੁੱਚਾ ਸਿੰਘ ਲੰਗਾਹ ਨੂੰ ਪੰਥ ਤੋਂ ਛੇਕਿਆ ਹੋਇਆ ਹੈ ਤੇ ਉਸ ਨਾਲ ਕਿਸੇ ਤਰ੍ਹਾਂ ਦੀ ਸਾਂਝ ਰੱਖਣ 'ਤੇ ਰੋਕ ਹੈ। ਸੁੱਚਾ ਸਿੰਘ ਲੰਗਾਹ ਨੂੰ ਗੁਰਦਾਸਪੁਰ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਬਾਬਾ ਤਰਸੇਮ ਸਿੰਘ ਦੀ ਅਗਵਾਈ ਵਿੱਚ ਨਿਹੰਗ ਸਿੰਘਾਂ ਦੇ ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾਇਆ ਸੀ ਤੇ ਕਿਹਾ ਜਾਂਦਾ ਹੈ ਕਿ ਇਸ ਵਿਚ ਸਰਚਾਂਦ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਸੀ। ਚਰਚਾ ਹੈ ਕਿ ਸਰਚਾਂਦ ਸਿੰਘ ਹੀ ਉਸ ਦਿਨ ਸੁੱਚਾ ਸਿੰਘ ਲੰਗਾਹ ਨੂੰ ਗੁਰਦੁਵਾਰਾ ਗੜ੍ਹੀ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਲੈ ਕੇ ਗਿਆ ਸੀ।

